ਕੈਨੇਡਾ ਦਰਪਣ

ਫਰਵਰੀ 24, 1984

February 24, 1984

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

East Indian Community Newspaper

ਹਫ਼ਤੇਵਾਰ

ਕੀਮਤ 30¢

Out of Greater Vancouver
Price 40¢

Second Class Mail - Reg. No. 5991

ਕੈਨੇਡਾ ਦਰਪਣ

P.O. BOX 67344 STN. 'O'
VANCOUVER, B.C. V5W 3T1

Vol. 3 No. 7 Weekending Feb. 24, 1984
Editor's Res. PHONE. (604)321-6360

The Canada Darpan
Punjabi Weekly Newspaper

ਫਿਰਕਾਪ੍ਰਸਤੀ ਕਰਤੂਤ ਤੋਂ ਨਾ ਟਲੀ

ਪੰਜਾਬ ਵਿਚ ਕਰਫੀਊ ਲਾਗੂ

ਵੱਖ ਵੱਖ ਸ਼ਹਿਰਾਂ ਵਿਚ 13 ਹਲਾਕ—400 ਜ਼ਖਮੀ—1000 ਗ੍ਰਿਫਤਾਰ

ਅੰਮ੍ਰਿਤਸਰ—ਪੰਜਾਬ ਦੇ ਸਾਰੇ ਸ਼ਹਿਰਾਂ ਵਿਚ ਹਿੰਦੂ ਤੇ ਸਿਖ ਫਿਰਕਾਪ੍ਰਸਤੀ ਨੇ ਪਾਕਿਸਤਾਨ ਬਣਨ ਵੇਲੇ ਦਾ ਸਮਾਂ ਯਾਦ ਕਰਾ ਦਿੱਤਾ। ਪੰਜਾਬ ਦੇ 9 ਸ਼ਹਿਰਾਂ ਵਿਚ ਗੋਲੀ ਚੱਲੀ। ਅੰਮ੍ਰਿਤਸਰ ਵਿਚ 7, ਲੁਧਿਆਣੇ ਵਿਚ 2, ਜਲੰਧਰ, ਖੰਨਾ, ਬਰਨਾਲਾ ਤੇ ਫੀਰੋਜ਼ਪੁਰ ਵਿਚ ਇਕ ਇਕ ਵਿਅਕਤੀ ਹਲਾਕ ਹੋਇਆ। ਸਾਰੇ ਸ਼ਹਿਰਾਂ ਵਿਚ 400 ਤੋਂ ਵੱਧ ਆਦਮੀ ਜ਼ਖਮੀ ਹਾਲਤ ਵਿਚ ਹਸਪਤਾਲਾਂ ਵਿਚ ਪਹੁੰਚਾਏ ਗਏ।

ਪੰਜਾਬ ਦੇ ਸਭ ਸ਼ਹਿਰਾਂ ਵਿਚ—ਪਟਿਆਲਾ, ਫਗਵਾੜਾ ਤੇ ਚੰਡੀਗੜ੍ਹ ਨੂੰ ਛੱਡ ਕੇ - ਗਲੀਆਂ ਵਿਚ ਦੋਵਾਂ ਫਿਰਕਿਆਂ ਦੇ ਲੋਕਾਂ ਵਿਚ ਹੱਥੋਪਾਈ ਤੇ ਸੋਡੇ ਦੀਆਂ ਬੋਤਲਾਂ ਚੱਲੀਆਂ।

8 ਫਰਵਰੀ ਨੂੰ ਸ਼ਰੋਮਣੀ ਅਕਾਲੀ ਦਲ ਵਲੋਂ 'ਪੰਜਾਬ ਬੰਦ' ਸ਼ਾਂਤੀ ਨਾਲ ਸਿਰੇ ਚੜ੍ਹਿਆ। ਪਟਿਆਲੇ ਵਿਚ ਸੁਰੱਖਿਆ ਐਕਟ ਅਧੀਨ ਹਿੰਦੂ ਸੰਘਰਸ਼ ਸੰਮਤੀ ਦੇ ਲੀਡਰ ਪਵਨ ਕੁਮਾਰ ਨੂੰ ਗ੍ਰਿਫਤਾਰ ਕੀਤੇ ਜਾਣ ਤੇ ਹਿੰਦੂ ਸੰਘਰਸ਼ ਸੰਮਤੀ ਨੇ 14 ਫਰਵਰੀ ਨੂੰ 'ਪੰਜਾਬ ਬੰਦ' ਕਰਨ ਦਾ ਐਲਾਨ ਕਰ ਦਿਤਾ।

ਹਿੰਦੂ ਸੰਘਰਸ਼ ਸੰਮਤੀ ਨੇ ਪੰਜਾਬ ਦੇ ਸ਼ਹਿਰਾਂ ਵਿਚ ਦੁਕਾਨਾਂ ਬੰਦ ਕਰਨ ਦਾ ਸੱਦਾ ਦਿੱਤਾ। ਜਦ ਉਨ੍ਹਾਂ ਦੂਜੇ ਫਿਰਕੇ ਦੇ ਲੋਕਾਂ ਦੀਆਂ ਦੁਕਾਨਾਂ ਬੰਦ ਕਰਵਾਉਣੀਆਂ ਸ਼ੁਰੂ ਕੀਤੀਆਂ ਤਾਂ ਫਸਾਦ ਭੜਕ ਪਏ।

ਅੰਮ੍ਰਿਤਸਰ ਵਿਚ 7 ਵਿਅਕਤੀ ਮਰੇ

ਅੰਮ੍ਰਿਤਸਰ ਵਿਚ ਇਕ ਫਿਰਕੇ ਦੇ ਲੋਕਾਂ ਵਲੋਂ ਕੱਢਿਆ ਜਲੂਸ ਜਦ ਦਰਬਾਰ ਸਾਹਿਬ ਅੱਗਿਓਂ ਲੰਘਿਆ ਤਾਂ ਦਰਬਾਰ ਸਾਹਿਬ ਦੀ ਛੱਤ ਤੋਂ ਗੋਲੀਆਂ ਵਰ੍ਹਨੀਆਂ ਸ਼ੁਰੂ ਹੋ ਗਈਆਂ। 4 ਸਿਪਾਹੀ ਥਾਂ ਹੀ ਮਾਰ ਦਿਤੇ ਗਏ। ਪੁਲਸ ਅਤੇ ਭਿੰਡਰਾਂਵਾਲੇ ਦੇ ਬੰਦਿਆਂ ਵਿਚ ਗੋਲੀ ਇਕ ਘੰਟੇ ਤੋਂ ਵੱਧ ਚਲਦੀ ਰਹੀ। ਪੁਲਸ ਅਧਿਕਾਰੀਆਂ ਨੇ ਸੰਤ ਲੌਂਗੋਵਾਲ ਤੇ ਭਿੰਡਰਾਂਵਾਲੇ ਨਾਲ ਫੋਨ ਤੇ ਗੱਲ ਕੀਤੀ। ਗਲਬਾਤ ਪਿਛੋਂ ਸ਼ੁਪੀਕਰਾਂ ਤੇ ਦੋਵਾਂ ਸੰਤਾਂ ਨੇ ਛੱਤ ਉਤੇ ਚੜ੍ਹੇ ਬੰਦਿਆਂ ਨੂੰ ਗੋਲੀ ਨਾ ਚਲਾਉਣ ਦੀਆਂ ਅਪੀਲਾਂ ਕੀਤੀਆਂ ਦੋਵਾਂ ਸੰਤਾਂ ਦੇ ਕਹਿਣ ਤੇ ਪਵਿੱਤਰ ਦਰਬਾਰ ਸਾਹਿਬ ਵਿਚੋਂ ਗੋਲੀ ਚਲਣੀ ਬੰਦ ਹੋਈ। ਜਲੂਸ ਵਿਚ ਸ਼ਾਮਲ ਇਕ ਬਾਰਾਂ ਸਾਲ ਦਾ ਬੱਚਾ ਵੀ ਮਾਰਿਆ ਗਿਆ।

ਗਿਆਨੀ ਬਚਨ ਸਿੰਘ ਦਾ ਦਿਲ ਫੇਲ੍ਹ ਤੇ ਉਸਦਾ ਪੁੱਤਰ ਕਤਲ

ਕੱਲ੍ਹ, 15 ਫਰਵਰੀ ਨੂੰ ਗਿਆਨੀ ਬਚਨ ਸਿੰਘ ਰੀਟਾਇਰਡ ਡੀ. ਐਸ. ਪੀ. ਦੇ ਪੁੱਤਰ ਜਗਜੀਤ ਸਿੰਘ ਉਰਫ ਹੀਰਾ ਦੀ ਸ਼ਾਦੀ ਸੀ ਪਰ ਜਗਜੀਤ ਸਿੰਘ 14 ਫਰਵਰੀ ਨੂੰ ਹੀ ਅਤਿਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਿਆ। ਉਸ ਦੇ ਕੋਲ ਬੈਠਾ ਉਸਦਾ ਸਾਥੀ ਵੀ ਸਖਤ ਜ਼ਖਮੀ ਹੋ ਗਿਆ। ਯਾਦ ਰਹੇ ਕਿ ਇਹ ਉਹ ਬਚਨ ਸਿੰਘ ਸੀ ਜਿਸਤੇ ਅੱਗੇ ਵੀ ਕਈ ਵਾਰ ਅਤਿਵਾਦੀਆਂ ਵਲੋਂ ਹਮਲੇ ਕੀਤੇ ਗਏ ਸਨ ਅਤੇ ਉਸਨੇ ਇਲਜ਼ਾਮ ਲਾਇਆ ਸੀ ਕਿ ਭਿੰਡਰਾਂਵਾਲੇ ਦੇ ਬੰਦੇ ਉਸਦੇ ਮਗਰ ਹਨ। ਲੜਕੇ ਦੀ ਮੌਤ ਨੂੰ ਬਚਨ ਸਿੰਘ ਸਹਾਰ ਨਾ ਸਕਿਆ ਤੇ ਉਸੇ ਵੇਲੇ ਹਾਰਟ ਫੇਲ੍ਹ ਹੋਣ ਕਾਰਨ ਬਚਨ ਸਿੰਘ ਪ੍ਰਾਣ ਛੱਡ ਗਿਆ।

ਐਡੀਟਰ ਤੇ ਕਾਤਲਾਨਾ ਹਮਲਾ

ਅੰਮ੍ਰਿਤਸਰ ਦੇ ਇਕ ਸਥਾਨਕ ਅਖਬਾਰ ਦੇ ਐਡੀਟਰ ਤੇ ਵੀ ਅਤਿਵਾਦੀਆਂ ਵਲੋਂ ਕਾਤਲਾਨਾ ਹਮਲਾ ਕੀਤਾ ਗਿਆ। ਐਡੀਟਰ ਤਾਂ ਬਚ ਗਿਆ ਪਰ ਉਸਦਾ ਬਾਡੀਗਾਰਡ ਗੋਲੀਆਂ ਨਾਲ ਭੁੰਨ ਦਿਤਾ ਗਿਆ।

ਜਲੰਧਰ ਵਿਚ 1 ਹਲਾਕ, 70 ਜ਼ਖਮੀ

ਜਲੰਧਰ ਵਿਚ ਸੇਖਾ ਵਾਲਾ ਚੌਂਕ, ਮੋਤਾ ਸਿੰਘ ਨਗਰ, ਭਾਰਗੋ ਕੈਂਪ ਸਬਜ਼ੀ ਮੰਡੀ ਤੇ ਜੇਲ੍ਹ ਚੌਂਕ ਵਿਚ ਦੋਵਾਂ ਫਿਰਕਿਆਂ ਵਿਚ ਖੁਲਮਖੁਲ੍ਹਾ ਟਕਰਾਅ ਹੋਇਆ। ਜਲੰਧਰ ਦੇ ਜਨਰਲ ਬੱਸ ਸਟੈਂਡ ਤੇ ਬੰਬ ਸੁਟਿਆ ਗਿਆ ਜਿਸ ਨਾਲ ਇਕ ਵਿਅਕਤੀ ਮੌਕੇ ਤੇ ਹੀ ਹਲਾਕ ਹੋ ਗਿਆ ਤੇ 70 ਗੰਭੀਰ ਰੂਪ ਵਿਚ ਜ਼ਖਮੀ ਹੋਏ। 17 ਵਿਅਕਤੀਆਂ ਦੀ ਹਾਲਤ ਨਾਜ਼ਕ ਹੈ।

ਲੁਧਿਆਣੇ ਵਿਚ ਦੋ ਬੰਦੇ ਮਰੇ

ਮੰਗਲਵਾਰ ਨੂੰ ਦਰੇਸੀ ਗਰਾਊਂਡ ਦੇ ਨੇੜੇ ਦੋਵਾਂ ਫਿਰਕਿਆਂ ਦੇ ਲੋਕਾਂ ਵਿਚ ਸੋਡਾਵਾਟਰ ਬੋਤਲਾਂ ਨਾਲ ਜੰਗ ਹੋਈ। ਚੌੜੇ ਬਜ਼ਾਰ ਵਿਚ ਦੁਕਾਨਦਾਰ ਆਪੋ ਵਿਚ ਟੱਕਰ ਪੈਣ ਕਾਰਨ ਦੋ ਬੰਦੇ ਮਾਰੇ ਗਏ। ਸਾਰੇ ਸ਼ਹਿਰ ਵਿਚ ਖਿਚਾਅ ਦੇ ਹਾਲਾਤ ਹਨ।

ਗੁਰਦਾਸਪੁਰ ਥਾਣੇਦਾਰ ਦਾ ਪਿਸਤੌਲ ਖੋਹ ਲਿਆ

ਗੁਰਦਾਸਪੁਰ ਵਿਚ ਥਾਣੇਦਾਰ ਹਰਦੇਵ ਸਿੰਘ ਦਾ ਅਤਿਵਾਦੀਆਂ ਨੇ ਪਿਸਤੌਲ ਖੋਹ ਲਿਆ। ਥਾਣੇਦਾਰ ਬੱਸ ਵਿਚ ਗੁਰਦਾਸਪੁਰ ਨੂੰ ਆ ਰਿਹਾ ਸੀ। ਉਸੇ ਬੱਸ ਵਿਚ ਅਤਿਵਾਦੀ ਚੜ੍ਹ ਗਏ। ਉਨ੍ਹਾਂ ਥਾਣੇਦਾਰ ਤੋਂ ਉਸ ਦਾ ਪਿਸਤੌਲ ਖੋਹ ਲਿਆ ਅਤੇ ਉਸਨੂੰ ਕਿਹਾ 'ਤੈਨੂੰ ਸਿੱਖ ਭਾਈ ਕਰਕੇ ਛੱਡ ਰਹੇ ਹਾਂ।' ਜਾਂਦੇ ਹੋਏ ਕੰਡਕਟਰ ਤੋਂ ਨਕਦੀ ਖੋਹ ਕੇ ਲੈ ਗਏ।

ਫੀਰੋਜ਼ਪੁਰ ਵਿਚ ਵੀ ਕਰਫੀਊ

ਫੀਰੋਜ਼ਪੁਰ ਵਿਚ ਦੰਗਿਆਂ ਕਾਰਨ ਇਕ ਵਿਅਕਤੀ ਪ੍ਰੇਮ ਕੁਮਾਰ ਦੀ ਮੌਤ ਹੋ ਗਈ ਹੈ। ਫੀਰੋਜ਼ਪੁਰ ਸ਼ਹਿਰ ਵਿਚ ਕਰਫੀਊ ਲਗਾ ਦਿਤਾ ਗਿਆ ਹੈ।

ਹਰਿਆਣਾ ਤੇ ਹਿਮਾਚਲ ਵਿਚ ਦੁਕਾਨਾਂ ਬੰਦ

ਹਰਿਆਣੇ ਅਤੇ ਹਿਮਾਚਲ ਦੇ ਸਭ ਸ਼ਹਿਰਾਂ ਵਿਚ ਦੁਕਾਨਾਂ ਬੰਦ ਰੱਖੀਆਂ ਗਈਆਂ। ਹਰਿਆਣਾ ਦੇ ਸ਼ਹਿਰ ਕਰਨਾਲ ਵਿਚ ਵੀ ਦੋਹਾਂ ਫਿਰਕਿਆਂ ਵਿਚਕਾਰ ਤਣਾਅ ਵੱਧ ਗਿਆ ਹੈ ਤੇ ਸ਼ਹਿਰ ਦੇ ਕੁਝ ਹਿੱਸਿਆਂ ਵਿਚ ਝੜਪਾਂ ਦੀਆਂ ਖਬਰਾਂ ਵੀ ਮਿਲੀਆਂ ਹਨ।

(ਬਾਕੀ ਪੰਨਾ 3 ਤੇ)

ਤਿੰਨ-ਧਿਰੀ ਗਲਬਾਤ ਅੱਗੇ ਪਾ ਦਿੱਤੀ ਗਈ

ਸਾਰੇ ਲੀਡਰ ਪੰਜਾਬ ਪਹੁੰਚ ਗਏ

ਨਵੀਂ ਦਿੱਲੀ—ਅਕਾਲੀਆਂ, ਕੇਂਦਰ ਤੇ ਵਿਰੋਧੀ ਪਾਰਟੀਆਂ ਵਿਚ ਸ਼ੁਰੂ ਹੋਈ ਗਲਬਾਤ ਅੱਗੇ ਪਾ ਦਿੱਤੀ ਗਈ ਹੈ। ਤਿੰਨਾਂ ਧਿਰਾਂ ਦੇ ਨੇਤਾਵਾਂ ਵਿਚ ਗਲਬਾਤ ਚੰਗੇ ਮਾਹੌਲ ਵਿਚ ਸ਼ੁਰੂ ਹੋਈ ਤੇ ਚੰਡੀਗੜ੍ਹ ਦੇ ਮਸਲੇ ਨੂੰ ਵਿਚਾਰਿਆ ਗਿਆ ਪਰ ਅਕਾਲੀ ਲੀਡਰਾਂ ਨੇ ਕਿਹਾ ਕਿ ਪੰਜਾਬ ਵਿਚ ਜਿੰਨਾ ਚਿਰ ਅਮਨ ਬਹਾਲ ਨਹੀਂ ਹੁੰਦਾ, ਉਨਾ ਚਿਰ ਗਲਬਾਤ ਮੁਲਤਵੀ ਕਰ ਦਿਤੀ ਜਾਵੇ।

ਅਕਾਲੀ ਦਲ ਵਲੋਂ ਟੋਹੜਾ, ਬਾਦਲ, ਬਲਵੰਤ ਸਿੰਘ, ਬਰਨਾਲਾ ਤੇ ਰਣਧੀਰ ਸਿੰਘ ਚੀਮਾ ਸ਼ਾਮਲ ਹੋਏ। ਸਰਕਾਰ ਵਲੋਂ ਪ੍ਰਕਾਸ਼ ਚੰਦ ਸੇਠੀ, ਬੂਟਾ ਸਿੰਘ, ਸ਼ਿਵ ਸ਼ੰਕਰ ਸਿੰਘ, ਕ੍ਰਿਸ਼ਨਾ ਸੁਆਮੀ ਤੇ ਇੰਦਰਾ ਗਾਂਧੀ ਦੇ ਸਕੱਤਰ ਅਲੈਗਜ਼ਾਂਡਰ ਸ਼ਾਮਲ ਸਨ। ਵਿਰੋਧੀ ਪਾਰਟੀਆਂ ਵਲੋਂ ਚੰਦਰ ਸ਼ੇਖਰ, ਅਟੱਲ ਬਿਹਾਰੀ ਬਾਜਪਾਈ, ਸਰੂਪ ਸਿੰਘ, ਹਰਕਿਸ਼ਨ ਸਿੰਘ ਸੁਰਜੀਤ, ਚੰਦਰਜੀਤ ਯਾਦਵ ਤੇ ਸ੍ਰੀ ਮੁਕਰਜੀ ਸ਼ਾਮਲ ਸਨ।

ਪੰਜਾਬ ਵਿਚ ਫਸਾਦਾਂ ਦੀ ਹਾਲਤ ਸੁਧਰਨ ਤੇ ਦੁਬਾਰਾ ਗਲਬਾਤ ਸ਼ੁਰੂ ਹੋਵੇਗੀ। ਮੀਟਿੰਗ ਤੋਂ ਪਹਿਲਾਂ ਸਾਬੋਤਾਜ ਲਈ ਭਿੰਡਰਾਂਵਾਲੇ ਦੇ ਬੰਦੇ ਨਵੀਂ ਦਿੱਲੀ ਪਹੁੰਚਣ ਬਾਰੇ ਖੁਫੀਆ ਵਿਭਾਗ ਨੇ ਸਰਕਾਰ ਨੂੰ ਚੌਕਸ ਕਰ ਦਿਤਾ ਸੀ।

ਭਿੰਡਰਾਂਵਾਲਾ 'ਖਾਲਿਸਤਾਨ' ਬਣਨ ਤੱਕ ਅੰਦਰ ਰਹੇਗਾ—ਸੁਖਜਿੰਦਰ ਸਿੰਘ

ਅੰਮ੍ਰਿਤਸਰ—'ਖਾਲਿਸਤਾਨੀ' ਆਗੂ ਸੁਖਜਿੰਦਰ ਸਿੰਘ ਨੇ ਕਿਹਾ ਹੈ ਕਿ ਨਿਰਲੇਪ ਕੌਰ ਦੀ ਇਹ ਮੰਗ ਕਿ ਭਿੰਡਰਾਂਵਾਲਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਬਾਹਰ ਚਲੇ ਜਾਣ, ਕਦੇ ਪੂਰੀ ਨਹੀਂ ਹੋਣ ਲੱਗੀ। ਉਨ੍ਹਾਂ ਕਿਹਾ ਕਿ ਜਿੰਨਾਂ ਚਿਰ 'ਖਾਲਿਸਤਾਨ' ਨਹੀਂ ਬਣਦਾ ਉਨਾ ਚਿਰ ਭਿੰਡਰਾਂਵਾਲਾ ਸ੍ਰੀ ਅਕਾਲ ਤਖਤ ਸਾਹਿਬ ਉਪਰ ਹੀ ਰਹਿਣਗੇ।

ਗਿ: ਜ਼ੈਲ ਸਿੰਘ ਦਾ ਦੌਰਾ ਮੁਲਤਵੀ

ਗਿਆਨੀ ਜ਼ੈਲ ਸਿੰਘ ਨੇ ਆਪਣਾ ਪੰਜਾਬ ਦਾ ਦੌਰਾ ਮੁਲਤਵੀ ਕਰ ਦਿੱਤਾ ਹੈ। ਪੰਜਾਬ ਦੀ ਹਾਲਤ ਨੂੰ ਦੇਖਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਪੰਜਾਬ ਦੀ ਸਮੱਸਿਆ ਹੱਲ ਕਰਨ ਵੱਲ ਸਾਰਾ ਧਿਆਨ ਦਿਤਾ ਜਾਣਾ ਚਾਹੀਦਾ ਹੈ।

ਕੈਨੇਡਾ ਦਰਪਣ



ਪਿਕਟ ਦੀ ਅਗਵਾਈ ਕਰਦੇ ਹੋਏ ਚਰਨ ਪਾਲ ਗਿੱਲ ਅਤੇ ਜੋਗਿੰਦਰ ਸਿੰਘ ਸੰਘੇੜਾ

ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਵਲੋਂ ਡੈਲਟਾ ਵਿਚ ਕੇ-ਮਾਰਟ ਸਟੋਰ ਬਾਹਰ ਪਿਕਟ

11 ਫਰਵਰੀ - ਅੱਜ ਨਸਲਵਾਦ ਵਿਰੁਧ ਬੀ. ਸੀ. ਸੰਘਰਸ਼ ਸੰਮਤੀ (BCOFR) ਵੱਲੋਂ ਡੈਲਟਾ ਵਿਚ ਕੇ-ਮਾਰਟ ਸਟੋਰ ਦੇ ਬਾਹਰ ਪਿਕਟ ਲਗਾ ਕੇ ਕੇ-ਮਾਰਟ ਆਟੋਮੋਟਿਵ ਸੈਂਟਰ ਦੇ ਇਕ ਸਟਾਫ ਮੈਂਬਰ ਦੇ ਨਸਲੀ ਵਰਤਾਓ ਵਿਰੁਧ ਰੋਸ ਪ੍ਰਗਟ ਕੀਤਾ ਗਿਆ। ਪਿਕਟ ਲਾਈਨ ਵਿਚ ਤਕਰੀਬਨ 80 ਤੋਂ ਵੱਧ ਲੋਕਾਂ ਨੇ ਹਿਸਾ ਲਿਆ। ਸੰਘਰਸ਼ ਸੰਮਤੀ ਨੇ ਪਿਕਟ ਲਾਈਨ ਲਗਾ ਕੇ ਲੋਕਾਂ ਨੂੰ ਕੇ-ਮਾਰਟ ਸਟੋਰ ਦਾ ਬਾਈਕਾਟ ਕਰਨ ਦੀ ਅਪੀਲ ਕੀਤੀ ਕਿਉਂਕਿ ਉਹਨਾਂ ਨੇ ਭਾਰਤੀ ਕਮਿਊਨਿਟੀ ਦੇ ਮੈਂਬਰ ਸ. ਜੁਗਿੰਦਰ ਸਿੰਘ ਸੰਘੇੜਾ ਨੂੰ ਨਸਲੀ ਗਾਲਾਂ ਕੱਢੀਆਂ ਅਤੇ ਉਹਨਾਂ ਦੀ ਬੇਇਜ਼ਤੀ ਕੀਤੀ ਸੀ।

ਸ. ਜੋਗਿੰਦਰ ਸਿੰਘ ਸੰਘੇੜਾ ਪਿਛਲੇ ਕਈ ਸਾਲਾਂ ਤੋਂ ਇਸ ਸਟੋਰ ਦੇ ਗਾਹਕ ਰਹੇ ਹਨ। ਕ੍ਰਿਸਮਿਸ ਤੇ ਨਵੇਂ ਸਾਲ ਦੇ ਦੌਰਾਨ ਉਹਨਾਂ ਨੇ ਕੇ-ਮਾਰਟ ਆਟੋਮੋਟਿਵ ਸੈਂਟਰ ਤੋਂ ਆਪਦੀ ਕਾਰ ਦੇ ਬਰੇਕ ਠੀਕ ਕਰਵਾਏ। ਕਿਉਂਕਿ ਬਰੇਕ ਅੱਛੀ ਤਰ੍ਹਾਂ ਠੀਕ ਨਹੀਂ ਸਨ ਉਹਨਾਂ ਨੂੰ ਦੋ ਤਿੰਨ ਵਾਰ ਕਾਰ ਵਾਪਸ ਕੇ-ਮਾਰਟ ਲਿਜਾਣੀ ਪਈ। ਜਦੋਂ ਉਹ ਤੀਜੀ ਵਾਰੀ ਕਾਰ ਵਾਪਿਸ ਠੀਕ ਕਰਵਾਉਣ ਲਈ ਲੈ ਕੇ ਗਏ ਤਾਂ ਮਕੈਨਿਕ ਨੇ ਗੁੱਸੇ ਵਿਚ ਆ ਕੇ ਉਹਨਾਂ ਨੂੰ ਨਸਲੀ ਗਾਲਾਂ ਕੱਢੀਆਂ ਤੇ ਕਿਹਾ ਕਿ "ਹਿੰਦੂ ਬੇਵਕੂਫ ਹੁੰਦੇ ਹਨ - ਇਹਨਾਂ ਨੂੰ ਕੋਈ ਅਕਲ ਨਹੀਂ। ਸਾਨੂੰ ਇਥੇ ਆ ਕੇ ਐਵੇਂ ਤੰਗ ਕਰਦੇ ਹਨ।" ਇਹ ਕਹਿਕੇ ਉਹਨਾਂ ਨੂੰ ਸਟੋਰ ਵਿਚੋਂ ਬਾਹਰ ਕੱਢ ਦਿੱਤਾ ਗਿਆ।

ਸੰਘੇੜਾ ਸਾਹਿਬ ਨੇ ਇਸ ਬਾਰੇ ਨਸਲਵਾਦ ਵਿਰੁਧ ਸੰਘਰਸ਼ ਸੰਮਤੀ(BCOFR) ਕੋਲ ਸ਼ਿਕਾਇਤ ਕੀਤੀ। ਸੰਘਰਸ਼ ਸੰਮਤੀ ਨੇ 19 ਫਰਵਰੀ ਨੂੰ ਸਟੋਰ ਦੇ ਮੈਨੇਜਰ ਨੂੰ ਰੋਸ ਪੱਤਰ ਲਿਖਿਆ ਅਤੇ ਇਸ ਸ਼ਿਕਾਇਤ ਬਾਰੇ ਮੀਟਿੰਗ ਕਰਨ ਲਈ ਕਿਹਾ। ਮੈਨੇਜਰ ਨੂੰ ਕਈ ਵਾਰ ਟੈਲੀਫੋਨ ਭੀ ਕੀਤੇ ਗਏ ਪਰ ਉਸਨੇ ਨਸਲਵਾਦ ਵਿਰੁੱਧ ਸੰਘਰਸ਼ ਸੰਮਤੀ ਨਾਲ ਮਿਲਣ ਤੋਂ ਨਾਂਹ ਕਰ ਦਿੱਤੀ।

ਸੰਘਰਸ਼ ਸੰਮਤੀ ਕੋਲ ਪਿਕਟ ਲਾਈਨ ਲਗਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਿਹਾ। ਜੇ ਕੇ-ਮਾਰਟ ਦੀ ਮੈਨੇਜਮੈਂਟ ਇਸ ਸ਼ਿਕਾਇਤ ਦੀ ਜਾਂਚ ਪੜਤਾਲ ਕਰਦੀ, ਸੰਘੇੜਾ ਸਾਹਿਬ ਤੋਂ ਉਹਨਾਂ ਨਾਲ ਹੋਏ ਵਰਤਾਓ ਦੀ ਮੁਆਫੀ ਮੰਗਦੀ, ਅਤੇ ਇਹ ਭਰੋਸਾ ਦਿਵਾਉਂਦੀ ਕਿ ਅਜਿਹੀ ਘਟਨਾ ਮੁੜ ਨਹੀਂ ਵਾਪਰੇਗੀ ਤਾਂ ਪਿਕਟ ਲਾਈਨ ਲਗਾਉਣ ਦੀ ਜ਼ਰੂਰਤ ਨਹੀਂ ਪੈਣੀ ਸੀ ਪਰ ਸਟੋਰ ਦੀ ਮੈਨੇਜਮੈਂਟ ਨੇ ਅਜਿਹਾ ਤਾਂ ਕੀ ਕਰਨਾ ਸੀ ਪਰ ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਨਾਲ ਮਿਲਣ ਤੋਂ ਭੀ ਇਨਕਾਰ ਕਰ ਦਿੱਤਾ।

ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਸਾਰੇ ਲੋਕਾਂ ਨੂੰ ਖਾਸ ਕਰਕੇ ਭਾਰਤੀ ਕਮਿਊਨਿਟੀ ਦੇ ਮੈਂਬਰਾਂ ਨੂੰ, ਅਪੀਲ ਕਰਦੀ ਹੈ ਕਿ ਕੇ-ਮਾਰਟ ਸਟੋਰ ਦਾ ਬਾਈਕਾਟ ਜਾਰੀ ਰੱਖਿਆ ਜਾਵੇ। ਇਹ ਬਾਈਕਾਟ ਉਦੋਂ ਤੱਕ ਬਾਈਕਾਟ ਜਾਰੀ ਰੱਖਿਆ ਜਾਵੇਗਾ ਜਦੋਂ ਤੱਕ ਕੇ-ਮਾਰਟ ਸੰਘੇੜਾ ਸਾਹਿਬ ਤੋਂ ਉਹਨਾਂ ਨਾਲ ਕੀਤੇ ਵਰਤਾਓ ਦੀ ਮੁਆਫੀ ਨਹੀਂ ਮੰਗਦੇ ਅਤੇ ਇਹ ਵਾਅਦਾ ਨਹੀਂ ਕਰਦੇ ਕਿ ਇਸ ਤਰਾਂ ਦੀ ਘਟਨਾ ਮੁੜ ਨਹੀਂ ਵਾਪਰੇਗੀ।

11 ਫਰਵਰੀ ਵਾਲੀ ਪਿਕਟ ਵਿਚ ਸਰੀ ਗੁਰਦੁਆਰਾ ਕਮੇਟੀ ਦੇ ਮੈਂਬਰ, ਕਨੇਡੀਅਨ ਫਾਰਮਵਰਕਰਜ਼ ਯੂਨੀਅਨ ਦੇ ਪ੍ਰਤੀਨਿਧ ਅਤੇ ਸਰੀ ਟੈਕਸੀ ਡਰਾਈਵਰਜ਼ ਐਸੋਸੀਏਸ਼ਨ ਦੇ ਪ੍ਰਤੀਨਿਧ ਭੀ ਸ਼ਾਮਲ ਹੋਏ। ਪਿਕਟ ਲਾਈਨ ਲੱਗੀ ਦੇਖਕੇ ਭਾਰਤੀ ਕਮਿਊਨਿਟੀ ਦੇ ਕੁਛ ਮੈਂਬਰਾਂ ਨੇ ਕੇ-ਮਾਰਟ ਤੋਂ ਖ਼੍ਰੀਦੀਆਂ ਚੀਜ਼ਾਂ ਵਾਪਿਸ ਮੋੜ ਦਿੱਤੀਆਂ ਅਤੇ ਪਿਕਟ ਲਾਈਨ ਵਿਚ ਹਿੱਸਾ ਲਿਆ।

ਪਿਕਟ ਦੇ ਦੌਰਾਨ ਨਸਲਵਾਦ ਵਿਰੁਧ ਸੰਘਰਸ਼ ਸੰਮਤੀ ਦਾ ਇਕ ਡੈਲੀਗੇਸ਼ਨ ਸਟੋਰ ਮੈਨੇਜਰ ਨੂੰ ਮਿਲਣ ਗਿਆ ਪਰ ਮੈਨੇਜਰ ਸਟੋਰ ਵਿਚ ਨਹੀਂ ਸੀ। ਪਿਕਟ ਖਤਮ ਹੋਣ ਤੋਂ ਪਹਿਲਾਂ ਸੰਘਰਸ਼ ਸੰਮਤੀ ਦੇ ਪ੍ਰਧਾਨ ਚਰਨਪਾਲ ਗਿੱਲ ਨੇ ਐਲਾਨ ਕੀਤਾ ਕਿ ਸਨਿਚਰਵਾਰ, 18 ਫਰਵਰੀ ਵਾਲੇ ਦਿਨ ਬਾਅਦ ਦੁਪਹਿਰ 1.00 ਵਜੇ ਫਿਰ ਡੈਲਟਾ ਕੇ-ਮਾਰਟ ਸਟੋਰ ਬਾਹਰ ਪਿਕਟ ਲਗਾਈ ਜਾਵੇਗੀ। ਉਹਨਾਂ ਨੇ ਸੰਘਰਸ਼ ਸੰਮਤੀ ਦੇ ਮੈਂਬਰਾਂ, ਭਾਰਤੀ ਕਮਿਊਨਿਟੀ ਦੀਆਂ ਜਥੇਬੰਦੀਆਂ ਅਤੇ ਨਸਲਵਾਦ ਵਿਰੁਧ ਕਾਰਕੁੰਨਾਂ ਨੂੰ ਪਿਕਟ ਲਾਈਨ ਵਿਚ ਹਿਸਾ ਲੈਣ ਦੀ ਅਪੀਲ ਕੀਤੀ।

ਰਿਚਮੰਡ ਦਾ ਪਰਮਜੀਤ ਢੇਸੀ ਚਾਰਜ—ਉਧਾਲੇ ਦਾ ਕਥਿਤ ਦੋਸ਼

ਰਿਚਮੰਡ—'ਪ੍ਰੋਵਿੰਨਸ' ਤੇ 'ਸਨ' ਦੀ ਖਬਰ ਅਨੁਸਾਰ ਰਿਚਮੰਡ ਦੇ ਪਰਮਜੀਤ ਢੇਸੀ (20 ਸਾਲ) ਵਿਰੁੱਧ ਉਧਾਲੇ ਦਾ ਚਾਰਜ ਲਾਇਆ ਗਿਆ ਹੈ।



ਖਬਰ ਅਨੁਸਾਰ ਜੂਲੀ ਦੇਵੀ ਸਿੰਘ ਨੂੰ ਕਾਰ ਵਿਚ ਸੁੱਟ ਕੇ ਇਥੋਂ 500 ਕਿਲੋਮੀਟਰ ਦੂਰ ਵਰਨਨ ਦੇ ਇਕ ਹੋਟਲ ਵਿਚ ਲਿਜਾਇਆ ਗਿਆ ਜਿਥੋਂ ਇਸ ਲੜਕੀ ਨੂੰ 20 ਘੰਟਿਆਂ ਪਿਛੋਂ ਪੁਲਸ ਵਲੋਂ ਬਰਾਮਦ ਕੀਤਾ ਗਿਆ।

ਜੂਲੀ ਦੇਵੀ ਸਿੰਘ 19 ਸਾਲਾਂ ਦੀ ਮੁਟਿਆਰ ਹੈ ਜਿਸਨੇ ਪਿਛਲੇ ਸਨਿਚਰਵਾਰ ਕਿੰਗਜ਼ਵੇ ਕਮਿਊਨਿਟੀ ਹਾਲ ਵਿਚ 'ਮਿਸ ਫੀਜ਼ੀ' ਅਤੇ 'ਮਿਸ ਚੈਰਿਟੀ ਕੁਈਨ' ਦੇ ਮੁਕਾਬਲੇ ਵਿਚ ਭਾਗ ਲਿਆ। ਇਸ ਮੁਕਾਬਲੇ ਦਾ ਪ੍ਰਬੰਧ ਫੀਜ਼ੀਅਨ ਮਲਟੀ ਕਲਚਰਲ ਸੁਸਾਇਟੀ ਆਫ ਬੀ. ਸੀ. ਵਲੋਂ ਕੀਤਾ ਗਿਆ ਸੀ।

ਐਤਵਾਰ ਨੂੰ 8 ਵਜੇ ਦੇ ਕਰੀਬ ਪੁਲਸ ਨੇ ਵਰਨਨ ਹੋਟਲ ਦੀ ਪਾਰਕਿੰਗ ਲਾਟ ਵਿਚੋਂ ਇਕ ਆਦਮੀ ਗ੍ਰਿਫਤਾਰ ਕੀਤਾ।

ਮਿਸ ਦੇਵੀ ਸਿੰਘ ਕਵੈਂਤਲੀਨਕਾਲਜ ਦੀ ਵਿਦਿਆਰਥਣ ਹੈ।

ਕਿਟੀਮੇਟ ਸਿੱਖ ਸੁਸਾਇਟੀ ਦੀ ਨਵੀਂ ਕਮੇਟੀ ਦੀ ਸਾਲਾਨਾ ਚੋਣ

ਪਿਆਰੇ ਐਡੀਟਰ ਸਾਹਿਬ ਜੀ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਇਸ ਪਤਰ ਰਾਹੀਂ ਮੈਂ ਆਪ ਨੂੰ ਸਾਲ 1984 ਲਈ ਕਿਟੀਮੇਟ ਸਿੱਖ ਸੁਸਾਇਟੀ ਦੇ ਸੇਵਾਦਾਰਾਂ ਦੀ ਲਿਸਟ ਭੇਜ ਰਿਹਾ ਹਾਂ ਜਿਸ ਦੀ ਨਾਮਜ਼ਦਗੀ 15 ਜਨਵਰੀ 1984 ਦਿਨ ਐਤਵਾਰ ਨੂੰ ਹੋਈ ਸੀ। ਕਮੇਟੀ ਦੇ ਸੰਵਿਧਾਨ ਅਨੁਸਾਰ ਨਾਮਜਦ ਮੈਂਬਰਾਂ ਨੇ ਸਾਧ ਸੰਗਤ ਦੀ ਹਜ਼ੂਰੀ ਵਿਚ ਪੂਰੇ ਸਾਲ ਲਈ ਕੋਈ ਵੀ ਨਸ਼ਾ ਨਾ ਕਰਨ ਦਾ ਪ੍ਰਣ ਕੀਤਾ।

ਆਪ ਦੇ ਪੇਪਰ ਦੀ ਕਾਮਯਾਬੀ ਲਈ ਦੁਆ ਕਰਦਾ ਹਾਂ।

1. ਭਾਈ ਸੁਰਜੀਤ ਸਿੰਘ ਭੰਦੇਰ	ਪ੍ਰਧਾਨ
2. ਭਾਈ ਗੁਰਬਚਨ ਸਿੰਘ ਸਹੋਤਾ	ਉਪ-ਪ੍ਰਧਾਨ
3. ਭਾਈ ਮਨੋਹਰ ਸਿੰਘ ਭੱਟੀ	ਸਕੱਤਰ
4. ਭਾਈ ਨਿਰਵੈਲ ਸਿੰਘ ਔਲਖ	ਸਹਾਇਕ ਸਕੱਤਰ
5. ਭਾਈ ਮਨਜੀਤ ਸਿੰਘ ਤੂਰਂ	ਖਜ਼ਾਨਚੀ
6. ਭਾਈ ਦੇਵਿੰਦਰ ਸਿੰਘ ਮਾਂਗਟ	ਮੈਂਬਰ
7. ਬੀਬੀ ਕਮਲਜੀਤ ਕੌਰ ਸ਼ੇਰ ਗਿੱਲ	ਮੈਂਬਰ
8. ਬੀਬੀ ਨਰਿੰਦਰ ਕੌਰ	ਮੈਂਬਰ

ਗੁਰੂ ਘਰ ਦਾ ਦਾਸ
ਮਨੋਹਰ ਸਿੰਘ ਭੱਟੀ
ਸਕੱਤਰ - ਕਿਟੀਮੇਟ ਸਿੱਖ ਸੁਸਾਇਟੀ

ਕੈਨੇਡਾ ਦੇ ਆਦਿ-ਵਾਸੀਆਂ ਨੂੰ ਇੰਡੀਅਨ ਅਖਵਾਉਣ ਤੇ ਮਾਣ ਹੈ

ਨਵੀਂ ਦਿੱਲੀ—ਇਥੇ ਹੋਈ ਅੰਤਰਰਾਸ਼ਟਰੀ ਕਾਨਫਰੰਸ ਵਿਚ ਕੈਨੇਡਾ ਦੇ ਆਦਿਵਾਸੀ ਨੇ ਕਿਹਾ "ਮੈਨੂੰ ਇੰਡੀਅਨ ਅਖਵਾਉਣ ਵਿਚ ਮਾਣ ਪ੍ਰਾਪਤ ਹੋ ਰਿਹਾ ਹੈ।" ਪੇਂਡੂ ਉਸਾਰੀ ਦੀ ਅੰਤਰਰਾਸ਼ਟਰੀ ਕਾਨਫਰੰਸ ਵਿਚ ਹਿਸਾ ਲੈਂਦਿਆਂ ਇਹ ਸ਼ਬਦ ਅਲਬਰਟਾ ਦੇ ਅਲੈਗਜ਼ਡਰ ਰੀਜ਼ਰਵ ਦੇ ਜਾਰਜ ਆਰਕੈਂਡ ਨੇ ਕਹੇ। ਇਸ ਕਾਨਫਰੰਸ ਵਿਚ ਦੁਨੀਆਂ ਦੇ 56 ਮੁਲਕਾਂ ਵਿਚੋਂ 500 ਡੈਲੀਗੇਟਾਂ ਨੇ ਹਿਸਾ ਲਿਆ।

ਇਕ ਹੋਰ ਕਨੇਡੀਅਨ ਹੈਰੀ ਕੁਕ(ਸਸਕੈਚਵਨ) ਨੇ ਕਿਹਾ ਕਿ ਕੈਨੇਡਾ ਦੇ ਨੇਟਿਵ ਲੋਕਾਂ ਹੌਲੀ ਹੌਲੀ ਗਰੀਬੀ ਅਤੇ ਸ਼ਰਾਬ ਦੇ ਚੱਕਰ ਵਿਚੋਂ ਨਿਕਲ ਰਹੇ ਹਨ। ਇਹ ਬੀਮਾਰੀਆਂ ਸ਼ਹਿਰੀ ਜੀਵਨ ਤੋਂ ਆਈਆਂ ਹਨ ਤੇ ਨੇਟਿਵ ਲੋਕ ਮੁੜ ਰੀਜ਼ਰਵਾਂ ਵੱਲ ਪਰਤ ਰਹੇ ਹਨ।

ਕੈਨੇਡੀਅਨ ਡੈਲੀਗੇਸ਼ਨ ਦੇ 22 ਮੈਂਬਰਾਂ ਵਿਚੋਂ 8 ਨੇਟਿਵ ਇੰਡੀਅਨ ਡੈਲੀਗੇਟ ਸਨ। ਇਸ ਕਾਨਫਰੰਸ ਵਿਚ ਆਸਟਰੇਲੀਆ, ਪੀਰੂ ਆਦਿ ਦੇ ਨੇਟਿਵ ਲੋਕ ਅਤੇ ਭਾਰਤੀ ਹਰੀਜਨ ਸ਼ਾਮਲ ਸਨ।

ਪਾਠਕਾਂ ਪ੍ਰਤੀ ਬੇਨਤੀ

ਕੁਝ ਪ੍ਰਬੰਧਕੀ ਸੁਧਾਰ ਕਾਰਨ 'ਕੈਨੇਡਾ ਦਰਪਣ' ਥੋੜੇ ਜਿਹੇ ਸਮੇਂ ਲਈ ਪੰਦਰਾਰੋਜ਼ਾ ਹੋ ਰਿਹਾ ਹੈ। ਜਿਸ ਮਾਣ ਨਾਲ ਸਾਡੇ ਪਾਠਕਾਂ ਨੇ ਸਾਨੂੰ ਹਮੇਸ਼ਾਂ ਭਰਪੂਰ ਹੁੰਗਾਰਾ ਦਿਤਾ ਹੈ, ਉਸੇ ਮਾਣ ਨਾਲ ਅਸੀਂ ਮੁੜ ਇਸ ਨੂੰ ਜਲਦੀ ਹੀ ਹਫਤਾਵਾਰੀ ਰੂਪ ਵਿਚ ਲੈ ਆਉਣਾ ਹੈ। ਚੰਦੇ ਵਾਲੇ ਪਾਠਕਾਂ ਨੂੰ ਜਿੰਨੇ ਪੇਪਰ ਪੰਦਰਾਰੋਜ਼ਾ ਹੋਣ ਕਾਰਨ ਘੱਟ ਮਿਲਣਗੇ ਉਹ ਪੂਰੇ ਜ਼ਰੂਰ ਕੀਤੇ ਜਾਣਗੇ। ਉਨੀ ਸਮੇਂ ਦੀ ਮਿਆਦ ਵਧਾ ਦਿਤੀ ਜਾਵੇਗੀ। ਪ੍ਰਬੰਧਕੀ ਸੁਧਾਰ ਜਲਦੀ ਤੋਂ ਜਲਦੀ ਮੁਕੰਮਲ ਕਰਨ ਦੀ ਕੋਸ਼ਿਸ਼ ਹੋਵੇਗੀ। 'ਕੈਨੇਡਾ ਦਰਪਣ' ਅੱਗੇ ਨਾਲੋਂ ਵੀ ਰੰਗ ਰੂਪ ਵਿਚ ਨਿਖਰ ਕੇ ਤੁਹਾਡੇ ਸਾਹਮਣੇ ਆਵੇਗਾ।

—ਸੰਪਾਦਕ

ਪੰਜਾਬ ਦਰਪਣ

ਟੌਹੜੇ ਵਲੋਂ ਹਥਿਆਰ ਵਾਪਸ ਕਰਨ ਤੋਂ ਇਨਕਾਰ

ਅੰਮ੍ਰਿਤਸਰ—ਪੰਜਾਬ ਸਰਕਾਰ ਨੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਕਿਹਾ ਸੀ ਕਿ ਦਰਬਾਰ ਸਾਹਿਬ ਵਿਚ ਜੋ ਵੀ ਹਥਿਆਰ ਹਨ, ਉਹ ਵਾਪਸ ਜਮ੍ਹਾਂ ਕਰਵਾ ਦਿਤੇ ਜਾਣ। ਸ: ਟੌਹੜਾ ਨੇ ਕਿਹਾ ਕਿ ਹਥਿਆਰ ਵਾਪਸ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਪੰਜਾਬ ਦੀ ਨਾਜ਼ਕ ਸਥਿਤੀ ਦਾ ਸਾਹਮਣਾ ਦੇਖ ਕੇ ਸਰਕਾਰ ਵਲੋਂ ਹਥਿਆਰਾਂ ਦੀ ਵਾਪਸੀ ਦੀ ਮੰਗ ਕੀਤੀ ਗਈ ਸੀ। ਪਰ ਸ: ਟੌਹੜਾ ਨੇ ਕਿਹਾ ਕਿ ਸਰਕਾਰ ਜੋ ਕਾਨੂੰਨੀ ਕਾਰਵਾਈ ਕਰਨੀ ਚਾਹੁੰਦੀ ਹੈ, ਕਰ ਲਵੇ ਪਰ ਹਥਿਆਰ ਵਾਪਸ ਨਹੀਂ ਕੀਤੇ ਜਾਣਗੇ।

'ਖਾਲਿਸਤਾਨੀ' ਜਨਰਲ ਸਕੱਤਰ ਬਾਰੇ ਪੁਛੇ ਜਾਣ ਤੇ ਜਥੇਦਾਰ ਟੌਹੜਾ ਨੇ ਕਿਹਾ ਕਿ ਉਨ੍ਹਾਂ ਸਰਕਾਰ ਨੂੰ ਲਿਖ ਦਿਤਾ ਹੈ ਕਿ ਬਲਬੀਰ ਸਿੰਘ ਸੰਧੂ ਦਰਬਾਰ ਸਾਹਿਬ ਵਿਚ ਨਹੀਂ ਹੈ। ਉਹ ਰੂਪੋਸ਼ ਹੋ ਗਿਆ ਹੈ। ਇਸ ਲਈ ਉਹ ਇਸ ਬਾਰੇ ਕੁਝ ਨਹੀਂ ਕਰ ਸਕਦੇ।

ਕਰਾਚੀ ਵਿਚ ਭਾਰਤੀ ਕੌਂਸਲ ਜਨਰਲ ਤੇ ਹਮਲਾ

ਕਰਾਚੀ—11 ਫਰਵਰੀ ਨੂੰ ਭਾਰਤੀ ਕੌਂਸਲੇਟ ਜਨਰਲ ਦੇ ਦਫਤਰ ਤੇ ਅਖੌਤੀ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਬੰਦਿਆਂ ਵਲੋਂ ਹਮਲਾ ਕੀਤਾ ਗਿਆ

ਕੌਂਸਲ ਜਨਰਲ ਦੀ ਕਾਰ ਦਾ ਵੀ ਕਾਫੀ ਨੁਕਸਾਨ ਹੋਇਆ। ਪਰ ਤਿੰਨੇ ਭਾਰਤੀ ਅਧਿਕਾਰੀ ਅਤੇ ਡਰਾਈਵਰ ਸਟ ਫੇਟ ਵੱਜਣ ਤੋਂ ਬਚ ਗਏ।

ਏਸੇ ਤਰ੍ਹਾਂ ਕਰਾਚੀ ਵਿਚ ਹੀ ਇੰਡੀਅਨ ਏਅਰ ਲਾਈਨਜ਼ ਦੇ ਦਫਤਰ ਉਤੇ ਵੀ ਪੱਥਰ ਸੁੱਟੇ ਗਏ।

ਯਾਦ ਰਹੇ ਕਿ ਪਿਛਲੇ ਦਿਨੀਂ ਬਰਮਿੰਘਮ(ਇੰਗਲੈਂਡ) ਦੇ ਕੌਂਸਲ ਜਨਰਲ ਦੇ ਇਕ ਅਧਿਕਾਰੀ ਸ੍ਰੀ ਮੇਹਤਰੇ ਦਾ ਕਤਲ ਵੀ ਅਖੌਤੀ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਮੈਂਬਰਾਂ ਵਲੋਂ ਕੀਤਾ ਗਿਆ ਸੀ।

(ਪੰਨਾ 1 ਦੀ ਬਾਕੀ)

ਮੇਨਕਾ ਗਾਂਧੀ ਵਲੋਂ ਸੁਝਾਅ

ਸੰਜੇ ਮੰਚ ਦੀ ਆਗੂ ਮੇਨਕਾ ਗਾਂਧੀ ਨੇ ਕਿਹਾ ਹੈ ਕਿ ਹਾਲਤ ਇਥੋਂ ਤੱਕ ਅੱਪੜ ਸਕਦੀ ਹੈ ਤਾਂ ਪੁਲਸ ਨੂੰ ਦਰਬਾਰ ਸਾਹਿਬ ਵਿਚੋਂ ਅਤਿਵਾਦੀ ਫੜ ਲੈਣੇ ਚਾਹੀਦੇ ਹਨ ਪਰ ਸ਼ਰਤ ਇਹ ਹੈ ਕਿ ਪਹਿਲਾਂ ਪੁਲਸ ਇਹ ਪੱਕਾ ਕਰ ਲਏ ਕਿ ਅਤਿਵਾਦੀ ਅੰਦਰ ਹੀ ਹਨ।

ਸੋਖੀ, ਉਮਰਾ ਨੰਗਲ, ਨਿਰਲੇਪ ਕੌਰ ਹਿੱਟ ਲਿਸਟ ਤੇ

ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰੈਸ ਸਕੱਤਰ ਸੁਰਜੀਤ ਸਿੰਘ ਨੇ ਕਿਹਾ ਕਿ ਉਸ ਦਾ ਨਾਂ, ਉਮਰਾ ਨੰਗਲ ਦਾ ਨਾਂ ਤੇ ਨਿਰਲੇਪ ਕੌਰ ਦੇ ਨਾਂ ਭਿੰਡਰਾਂਵਾਲੇ ਦੀ ਹਿਟ ਲਿਸਟ ਤੇ ਹਨ ਤੇ ਉਨ੍ਹਾਂ ਨੂੰ ਅਤਿਵਾਦੀਆਂ ਤੋਂ ਸਖਤ ਖਤਰਾ ਹੈ।

ਪਾਰਟੀ ਪੱਧਰ ਤੇ ਟਾਕਰਾ

ਸੁਰਜੀਤ ਸਿੰਘ ਸੋਖੀ ਦੇ ਬਿਆਨ ਤੇ ਸੰਤ ਲੌਂਗੋਵਾਲ ਨੇ ਚਰਚਾ ਕਰਦਿਆਂ ਕਿਹਾ ਕਿ ਜੇ ਇਹ ਹਾਲਤ ਪੈਦਾ ਹੋ ਗਈ ਤਾਂ ਪਾਰਟੀ ਪੱਧਰ ਤੇ ਇਹ ਲੜਾਈ ਲੜੀ ਜਾਵੇਗੀ। ਸੋਖੀ ਨੇ ਪੱਤਰਕਾਰਾਂ ਨੂੰ ਇਹ ਵੀ ਕਿਹਾ ਸੀ ਕਿ ਸਾਡੇ ਤੇ ਹਮਲੇ ਹੋਣ ਲੱਗੇ ਤਾਂ ਬਦਲੇ ਵਿਚ ਸਾਡੇ ਬੰਦੇ ਵੀ ਹਮਲੇ ਕਰਨਗੇ।

ਹਥਿਆਰਾਂ ਦੀ ਦੁਕਾਨ ਲੁੱਟੀ

ਅੰਮ੍ਰਿਤਸਰ ਦੇ ਭੰਡਾਰੀ ਪੁੱਲ ਕੋਲ ਹਥਿਆਰਾਂ ਦੀ ਇਕ ਦੁਕਾਨ ਅਤਿਵਾਦੀਆਂ ਨੇ ਲੁੱਟ ਲਈ। ਤੇ ਜਾਂਦੇ ਜਾਂਦੇ ਪਾਨਾਂ ਤੇ ਸਿਗਰਟਾਂ ਦੀਆਂ ਦੁਕਾਨਾਂ ਨੂੰ ਵੀ ਅੱਗਾਂ ਲਾਈਆਂ ਗਈਆਂ।

ਕਾਬਲ ਵਿਚ ਤਿੰਨ-ਮੰਜ਼ਲੇ ਗੁਰਦੁਆਰੇ ਦਾ ਉਦਘਾਟਨ

ਕਾਬਲ : ਅਫਗਾਨਿਸਤਾਨ ਦੀ ਰਾਜਧਾਨੀ ਕਾਬਲ ਵਿਚ ਉਥੋਂ ਦੀ ਸਿੱਖ ਕਮਿਊਨਿਟੀ ਨੇ ਨਵਾਂ ਤਿੰਨ-ਮੰਜ਼ਲਾ ਗੁਰਦੁਆਰਾ ਉਸਾਰਿਆ ਹੈ। ਇਸ ਗੁਰਦੁਆਰੇ ਦਾ ਨਾਂ ਮੰਜੀ ਸਾਹਿਬ ਹੈ ਤੇ ਏਸ ਗੁਰਦੁਆਰੇ ਦੀ ਪੁਰਾਣੀ ਇਮਾਰਤ ਦੀ ਥਾਂ ਨਵੀਂ ਤਿੰਨ ਮੰਜ਼ਲੀ ਇਮਾਰਤ ਉਸਾਰੀ ਗਈ ਹੈ। ਪਹਿਲੇ ਗੁਰੂ ਘਰ ਦੀ ਉਸਾਰੀ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤਿੰਨ ਸਦੀਆਂ ਪਹਿਲਾਂ ਹੋਈ ਸੀ। ਇਹ ਗੁਰੂ ਘਰ ਸ਼ਹਿਰ ਦੀ ਪੁਰਾਣੀ ਆਬਾਦੀ ਵਿਚ ਹੈ।

ਭਾਰਤੀ ਰਾਜਦੂਤ ਜੇ. ਐਨ. ਦਿਕਸ਼ਿਤ ਤੇ ਅਫਗਾਨਿਸਤਾਨ ਦੀ ਇਨਕਲਾਬੀ ਕੌਂਸਲ ਦੇ ਮੀਤ ਪ੍ਰਧਾਨ ਸ੍ਰੀ ਆਗਾ ਨੇ ਗੁਰਦੁਆਰੇ ਦੀ ਨਵੀਂ ਇਮਾਰਤ ਦਾ ਉਦਘਾਟਨ ਕੀਤਾ।

ਉਦਘਾਟਨ ਸਮੇਂ ਕਾਬਲ ਦੇ ਗਵਰਨਰ, ਮੇਅਰ, ਚੀਫ, ਮੌਲਵੀ ਅਤੇ ਹੋਰ ਧਾਰਮਿਕ ਨੇਤਾ ਵੀ ਸ਼ਾਮਲ ਸਨ।

ਟੌਹੜਾ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਦੀ ਮੰਗ

ਨਵੀਂ ਦਿੱਲੀ—ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਭਾਰਤ ਸਰਕਾਰ ਨੂੰ ਕਿਹਾ ਹੈ ਕਿ ਉਹ ਬਰਤਾਨੀਆ ਸਰਕਾਰ ਨਾਲ ਗਲਬਾਤ ਸ਼ੁਰੂ ਕਰੇ ਤਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ, ਕੋਹਿਨੂਰ ਹੀਰਾ ਤੇ ਮਹਾਰਾਜਾ ਰਣਜੀਤ ਸਿੰਘ ਦੀ ਕੁਰਸੀ ਬਰਤਾਨੀਆ ਸਰਕਾਰ ਤੋਂ ਵਾਪਸ ਲਈ ਜਾਵੇ।

ਜਗਰਾਓਂ ਕਾਂਡ ਦਾ ਇਕ ਦੋਸ਼ੀ ਸੈਸ਼ਨ ਸਪੁਰਦ

ਜਗਰਾਉਂ — ਇਥੇ ਸ੍ਰੀ ਗੋਪੀ ਚੰਦ ਜੁਡੀਸ਼ਲ ਮੈਜਿਸਟਰੇਟ ਦਰਜਾ ਅਵੱਲ ਦੀ ਅਦਾਲਤ ਨੇ ਨਹਿਰ ਸਰਹੰਦ ਦੇ ਪੁਲ ਅਖਾੜਾ ਵਿਖੇ ਜਗਰਾਉਂ ਜੀਵਨ ਕੁਮਾਰ ਇਕ ਕਾਰ —ਸਵਾਰ ਨੂੰ ਲੁਟਣ ਵਾਲੇ ਪੰਜਾਬ ਦੇ ਅੱਤਵਾਦੀਆਂ ਨਾਲ ਸਬੰਧਤ ਦੱਸੇ ਜਾਂਦੇ ਜਰਨੈਲ ਸਿੰਘ ਵਾਸੀ ਹਲਵਾਰਾ ਨੂੰ ਲੁਧਿਆਣਾ ਸੈਸ਼ਨ ਸਪੁਰਦ ਕਰ ਦਿਤਾ ਹੈ। ਇਸ ਕਾਂਡ 'ਚ ਦੂਜਾ ਦੋਸ਼ੀ ਹਰਜੀਤ ਸਿੰਘ ਵਾਸੀ ਬੱਸਹ ਖੇਮਾ ਖੇੜ (ਫਰੀਦਕੋਟ) ਪਹਿਲਾਂ ਹੀ ਸੈਸ਼ਨ ਸਪੁਰਦ ਕੀਤਾ ਜਾ ਚੁਕਿਆ ਹੈ ਜਦੋਂ ਕਿ ਇਨ੍ਹਾਂ ਦਾ ਤੀਜਾ ਸਾਥੀ ਦਰਬਾਰਾ ਸਿੰਘ ਲੱਲੀਆਂ(ਗੜ੍ਹਸ਼ੰਕਰ)ਘਟਨਾਂ ਤੋਂ ਠੀਕ ਪੰਜਵੇਂ ਦਿਨ ਨਹਿਰ ਦੇ ਇਸੇ ਹੀ ਪੁਲ ਉਤੇ ਪੁਲਸ ਨਾਲ ਹੋਏ ਇਕ ਮੁਕਾਬਲੇ 'ਚ ਗੋਲੀਆਂ ਨਾਲ ਭੁਨਿਆ ਗਿਆ ਸੀ।

ਨਿਰੰਕਾਰੀਆਂ ਵਲੋਂ ਪੰਜਾਬ ਵਿਚ ਫੌਜੀ ਹਕੂਮਤ ਦੀ ਮੰਗ

ਲਵੀਂ ਦਿੱਲੀ — ਸੰਤ ਨਿਰੰਕਾਰੀ ਮੰਡਲ ਨੇ ਕੇਂਦਰ ਨੂੰ ਇਹ ਅਪੀਲ ਕੀਤੀ ਹੈ ਕਿ ਪੰਜਾਬ ਵਿਚ ਲੁੱਟ ਮਾਰ ਅਤੇ ਖੂਨ ਖਰਾਕਿਟਾ ਦਾ ਅੰਤ ਕਰਨ ਲਈ ਛੇਤੀ ਤੋਂ ਛੇਤੀ ਫੌਜੀ ਰਾਜ ਸਥਾਪਤ ਕਰ ਦੇਣਾ ਚਾਹੀਦਾ ਹੈ।

ਇਕ ਬਿਆਨ ਵਿਚ ਮੰਡਲ ਵਲੋਂ ਕਿਹਾ ਗਿਆ ਹੈ ਕਿ ਅਤਵਾਦੀਆਂ ਵਲੋਂ ਕਤਲੋ ਗਾਰਤ ਦੇ ਮੌਜੂਦਾ ਹਾਲਾਤ ਨੇ ਕਾਨੂੰਨ ਅਤੇ ਕਾਇਦੇ ਨਾਂ ਦੀ ਚੀਜ਼ ਨੂੰ ਪੰਜਾਬ ਵਿਚੋਂ ਅਲੋਪ ਕਰ ਦਿਤਾ ਹੈ।

ਬਿਜਲੀ ਤੋਂ ਬਿਨਾਂ ਲੋਕ ਘਰ ਸਾਂਭਨ ਜਾਂ ਚੋਰ ਫੜਨ

ਮਲੋਟ — ਇਥੋਂ ਦੇ ਕੁਝ ਲੋਕਾਂ ਨੇ ਪੰਜਾਬ ਦੇ ਰਾਜਪਾਲ ਨੂੰ ਇਕ ਪੱਤਰ ਲਿਖ

ਸ਼੍ਰੋਮਣੀ ਅਕਾਲੀ ਦਲ ਅਤੇ ਕੇਂਦਰ ਸਰਕਾਰ ਵਿਚਕਾਰ ਗਲਬਾਤ

ਨਵੀਂ ਦਿੱਲੀ—ਸਿੱਖਾਂ ਦੀ ਸ਼ਰੋਮਣੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵਲੋਂ ਕੇਂਦਰ ਸਰਕਾਰ ਦੇ ਗਲਬਾਤ ਲਈ ਸੱਦੇ ਦਾ ਸੁਆਗਤ ਕੀਤਾ ਗਿਆ। ਇਸ ਤਿੰਨ-ਧਿਰੀ ਗਲਬਾਤ ਵਿਚ ਸ਼੍ਰੋਮਣੀ ਅਕਾਲੀ ਦਲ, ਵਿਰੋਧੀ ਪਾਰਟੀਆਂ ਦੇ ਨੁਮਾਇੰਦੇ ਅਤੇ ਕੇਂਦਰ ਸਰਕਾਰ ਦੇ ਨੁਮਾਇੰਦੇ ਸ਼ਾਮਲ ਹੋਏ ਹਨ।

12 ਫਰਵਰੀ ਨੂੰ ਅਕਾਲੀ ਦਲ ਹਾਈ ਕਮਾਂਡ ਦੀ ਮੀਟਿੰਗ ਵਿਚ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਪ੍ਰਕਾਸ਼ ਚੰਦ ਸੇਠੀ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਭੇਜਿਆ ਗਿਆ ਗਲਬਾਤ ਲਈ ਸੱਦਾ ਪੱਤਰ ਵਿਚਾਰਿਆ ਗਿਆ।

12 ਫਰਵਰੀ ਦੀ ਰਾਤ ਨੂੰ ਇਹ ਮੀਟਿੰਗ ਤਿੰਨ ਘੰਟੇ ਚਲਣ ਪਿਛੋਂ ਸ਼ਰੋਮਣੀ ਅਕਾਲੀ ਦਲ ਦੇ ਬੁਲਾਰੇ ਬਲਵੰਤ ਸਿੰਘ ਰਾਮੂਵਾਲੀਆ ਨੇ ਦੱਸਿਆ ਕਿ ਅਕਾਲੀ ਹਾਈ ਕਮਾਂਡ ਨੇ ਗਲਬਾਤ ਲਈ ਪੰਜ ਲੀਡਰਾਂ ਤੇ ਆਧਾਰਤ ਇਕ ਡੈਲੀਗੇਸ਼ਨ ਮੁਕੱਰਰ ਕੀਤਾ ਜਿਸ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ, ਸਾਬਕ ਕੇਂਦਰ ਮੰਤਰੀ ਸਰਦਾਰ ਸੁਰਜੀਤ ਸਿੰਘ ਬਰਨਾਲਾ, ਸਾਬਕਾ ਵਿੱਤ ਮੰਤਰੀ ਸ: ਬਲਵੰਤ ਸਿੰਘ ਅਤੇ ਤਲਵੰਡੀ ਦਲ ਦੇ ਐਕਟਿੰਗ ਪ੍ਰਧਾਨ ਰਣਧੀਰ ਸਿੰਘ ਚੀਮਾ ਸ਼ਾਮਲ ਹਨ।

ਸਿੱਖ ਫੈਡਰੇਸ਼ਨ ਦੀਆਂ ਗੁੰਡਾ ਹਰਕਤਾਂ ਦੀ ਨਿੰਦਾ

ਮੁਕਤਸਰ ਤੇ ਨਾਰੰਗਵਾਲ 'ਚ ਫਿਰਕਾ ਪ੍ਰਸਤੀ ਵਿਰੁਧ ਐਸ.ਐਫ. ਵਲੋਂ ਭਾਰੀ ਰੈਲੀਆਂ

ਚੰਡੀਗੜ੍ਹ — ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੀ ਪੰਜਾਬ ਸੂਬਾ ਕੌਂਸਲ ਦੇ ਜਨਰਲ ਸਕੱਤਰ ਅਤੇ ਪਰਧਾਨ ਕ੍ਰਮਵਾਰ ਸਾਥੀ ਤਾਰਾ ਸਿੰਘ ਸੰਧੂ ਅਤੇ ਸਾਥੀ ਰਘਬੀਰ ਸਿੰਘ ਨੇ ਇਕ ਬਿਆਨ ਵਿਚ ਫੈਡਰੇਸ਼ਨ ਦੇ ਸੂਬਾ ਖਜਾਨਚੀ ਸ.ਲਛਮਣ ਸਿੰਘ ਉਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਗੁੰਡਿਆਂ ਵਲੋਂ ਕੀਤੇ ਗਏ ਹਮਲੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ ਅਤੇ ਮੋਗੇ ਵਿਚ ਕਮਿਊਨਿਸਟ ਯੂਥ ਲੀਗ ਤੇ ਮਾਨਸਾ ਵਿਚ ਸਿੱਖ ਫੈਡਰੇਸ਼ਨ ਵਲੋਂ ਕੀਤੀ ਗੁੰਡਾਗਰਦੀ ਨੂੰ ਅਤੀ ਨਿੰਦਣ ਯੋਗ ਦਸਦਿਆਂ ਚਿਤਾਵਨੀ ਦਿਤੀ ਹੈ ਕਿ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਅਜਿਹੀਆਂ ਕਾਰਵਾਈਆਂ ਦਾ ਮੂੰਹ ਤੋੜ ਜਵਾਬ ਦੇਵੇਗੀ ਅਤੇ ਫੈਡਰੇਸ਼ਨ ਦੇ ਵਰਕਰ ਇਹਨਾਂ ਹਰਕਤਾਂ ਤੋਂ ਨਾ ਘਬਰਾਉਂਦਿਆਂ ਇਹਨਾ ਦਾ ਡੱਟ ਕੇ ਮੁਕਾਬਲਾ ਕਰਨਗੇ।

ਇਸੇ ਸਮੇਂ ਸਰਕਾਰੀ ਕਾਲਜ ਮੁਕਤਸਰ ਵਿਚ ਸਟੂਡੈਂਟਸ ਫੈਡਰੇਸ਼ਨ ਵਲੋਂ ਫਿਰਕਾ ਪ੍ਰਸਤੀ ਵਿਰੁਧਇਕ ਭਾਰੀ ਰੈਲੀ ਕੀਤੀ ਗਈ ਜਿਸ ਨੂੰ ਸੰਧੂ ਹਰਦੇਵ ਸਿੰਘ ਅਤੇ ਦਿਲਸ਼ਾਦ ਅਲੀ ਨੇ ਸੰਬੋਧਨ ਕੀਤਾ। ਇਸ ਰੈਲੀ ਵਿਚ ਸਿੱਖ ਸਟੂਡੈਂਟਸ ਫੈਡਰੇਸ਼ਨ ਨਾਲ ਸਬੰਧਤ ਕੁਝ ਅਨਸਰਾਂ ਨੇ ਨਾਹਰੇਬਾਜ਼ੀ ਕਰਕੇ ਗੜਬੜ ਕਰਨ ਦੀ ਕੋਸ਼ਿਸ਼ ਕੀਤੀ ਪਰ ਰੈਲੀ ਨਿਰਵਿਘਨ ਜਾਰੀ ਰਹੀ।

ਇੰਡੀਅਨ ਏਅਰ ਲਾਈਨਜ਼ ਦੇ ਦੋ ਉਚ ਅਧਿਕਾਰੀ ਪਾਕਿਸਤਾਨ ਤੋਂ ਕਢੇ ਗਏ

ਨਵੀਂ ਦਿਲੀ — ਇੰਡੀਅਨ ਏਅਰ ਲਾਈਨਜ਼ ਦੇ ਦੋ ਉਚ ਅਧਿਕਾਰੀ ਲਾਹੌਰ ਤੋਂ ਪਾਕਿਸਤਾਨ ਸਰਕਾਰ ਨੇ ਵਾਪਸ ਭਾਰਤ ਭੇਜ ਦਿਤੇ ਗਏ ਹਨ। ਕਥਿਤ ਤੌਰ ਤੇ ਉਹਨਾਂ ਉਪਰ ਇਹ ਦੋਸ਼ ਲਾਇਆ ਗਿਆ ਹੈ ਕਿ ਇਕ ਭਾਰਤੀ ਡਿਪਲੋਮੇਟ ਦੇ ਦੋ ਘਰੇਲੂ ਨੌਕਰਾਂ ਨੂੰ ਜੋ ਪਿਛਲੇ ਕਈ ਦਿਨਾਂ ਤੋਂ ਲਾ ਪਤਾ ਦਸੇ ਜਾਂਦੇ ਸਨ ਇਹਨਾਂ ਅਧਿਕਾਰੀਆਂ ਨੇ ਨਾਜਾਇਜ਼ ਸਹਾਇਤਾ ਦੇ ਕੇ ਅਤੇ ਗਲਤ ਤਰੀਕੇ ਨਾਲ ਭਾਰਤ ਭੇਜ ਦਿਤਾ ਹੈ

ਕੇ ਬੇਨਤੀ ਕੀਤੀ ਹੈ ਕਿ ਉਹ ਪੰਜਾਬ ਭਰ ਵਿਚ ਰਾਤ ਨੂੰ ਬਿਜਲੀ ਤੇ ਲੱਗੀ ਕੱਟ ਵਾਪਿਸ ਲੈਣ। ਭਾਂਵੇਂ ਇਸ ਦੀ ਥਾਂ ਦਿਨ ਨੂੰ ਹੋਰ ਕੱਟ ਵਧਾ ਲੈਣ। ਖਾਸ ਕਰਕੇ ਸਟਰੀਟ ਲਾਈਟ ਤਾਂ ਚਾਲੂ ਰਹਿਣੀ ਚਾਹੀਦੀ ਹੈ।

THE CANADA DARPAN
P.O.BOX 67344 STN. 'O'
Vancouver, B.C. V5W 3T1

Chief Editor(Hon.) : DARSHAN GILL
Editor : HARBHAJAN SINGH DEOL
PHONE : (604)321-6360
All Officeholders of CANADA DARPAN are honorary associates



ਸੰਪਾਦਕੀ

ਅੰਨ੍ਹੇ ਸ਼ਿਕਾਰੀ

14 ਫਰਵਰੀ ਨੂੰ ਜੋ ਕੁਝ ਪੰਜਾਬ ਵਿਚ ਵਾਪਰਿਆ ਹੈ, ਉਸ ਨਾਲ ਹਰ ਪੰਜਾਬੀ ਨੂੰ ਸ਼ਰਮਿੰਦਗੀ ਦਾ ਅਹਿਸਾਸ ਹੋਣਾ ਕੁਦਰਤੀ ਹੈ। ਅੱਜ ਅਜਮੇਰ ਸਿੰਘ ਔਲਖ ਦੇ ਲਿਖੇ 'ਅੰਨ੍ਹੇ ਸ਼ਿਕਾਰੀ' ਨਾਟਕ ਦੀ ਝਾਕੀ ਸਾਹਮਣੇ ਸਾਕਾਰ ਨਜ਼ਰ ਆਉਂਦੀ ਹੈ ਜੋ 1947 ਦੀ ਯਾਦ ਤਾਜ਼ਾ ਕਰਵਾਉਂਦੀ ਹੈ :

ਗੁਰਮੁਖ ਸਿੰਘ : ਥੋਡਾ ਕੋਈ ਵੀ ਧਰਮ ਨਹੀਂ। ਤੁਸੀਂ ਆਪਣੇ ਧਰਮਾਂ ਦੇ ਮੱਥੇ ਤੇ ਲੱਗੇ ਕਲੰਕ ਓਂ ਕਲੰਕ। ਨਫਰਤ ਦੇ ਵਣਜਾਰੇ। ਸੌੜੀ ਸੋਚ ਵਿਚੋਂ ਪੈਦਾ ਹੋਈ ਨਫਰਤ ਨੇ ਅੱਜ ਮੁਸਲਮਾਨਾਂ ਨੂੰ ਹਿੰਦੂ ਸਿੱਖਾਂ ਨਾਲ ਲੜਾਇਐ, ਕੱਲ੍ਹ ਨੂੰ ਥੋਨੂੰ ਆਪਸ ਵਿਚ ਲੜਾਏਗੀ।

ਨੱਥੂ ਰਾਮ : ਐਵੇਂ ਵਾਧੂ ਹਿੰਦੂ ਅਤੇ ਸਿੱਖ ਧਰਮ ਵਿਚ ਲਕੀਰਾਂ ਨਾ ਖਿਚ। ਹਿੰਦੂ ਅਤੇ ਸਿੱਖ ਦਾ ਨਹੁੰ ਮਾਸ ਦਾ ਰਿਸ਼ਤਾ ਐ, ਦੁਨੀਆਂ ਦੀ ਕੋਈ ਤਾਕਤ ਇਨ੍ਹਾਂ ਨੂੰ ਵੱਖ ਨਹੀਂ ਕਰ ਸਕਦੀ।

ਗੁਰਮੁਖ ਸਿੰਘ : ਦੁਨੀਆਂ ਦੀ ਕੋਈ ਤਾਕਤ ਇਨ੍ਹਾਂ ਨੂੰ ਵੱਖ ਕਰੇ ਜਾਂ ਨਾ ਕਰੇ, ਪਰ ਥੋਡੀ ਤੰਗ ਤੇ ਫਿਰਕੂ ਜ਼ਹਿਨੀਅਤ ਕਿਸੇ ਨਾ ਕਿਸੇ ਦਿਨ ਇਹ ਗੁੱਲ ਜ਼ਰੂਰ ਖਿੜਾਏਗੀ।

ਨੱਥੂ ਰਾਮ : ਕਿਉਂ ਸਾਡੀ ਜ਼ਹਿਨੀਅਤ ਕਿਵੇਂ ਖਿੜਾਏਗੀ ?

ਗੁਰਮੁਖ ਸਿੰਘ : ਤੂੰ ਹਿੰਦੂ ਰਾਸ਼ਟਰਵਾਦ ਦਾ ਹਊਆ ਖੜਾ ਕਰ ਰੱਖੇਂਗਾ ਤੇ ਇਹ ? ਇਹ ਆਪਦੀ ਹਊਮੈ ਨੂੰ ਪੱਠੇ ਪਾਉਣ ਲਈ ਅੱਜ ਦੇ ਮੁਸਲਮਾਨ ਕੱਟੜਪੰਥੀਆਂ ਵਾਂਗ ਪਾਕਿਸਤਾਨ ਵਰਗਾ ਕੋਈ ਵੱਖਰਾ ਸਥਾਨ ਮੰਗੇਗਾ।

ਨੱਥੂ ਰਾਮ : ਬਹੁਤੀਆਂ ਫਿਲਾਸਫੀਆਂ ਨਾ ਘੋਟ ਬੁੱਢਿਆ ਫਲਾਸਫਰਾ। ਸਾਡੇ ਅੰਦਰ ਬਦਲੇ ਦੀ ਅੱਗ ਦੇ ਭਾਂਬੜ ਬਲ ਰਹੇ ਨੇ ਤੇ ਇਹ ਭਾਂਬੜ ਓਦੋਂ ਤੱਕ ਠੰਡੇ ਨੀ ਹੁੰਦੇ .....

ਖੜਕ ਸਿੰਘ : ਜਦੋਂ ਤੱਕ ਅਸੀਂ ਬਰਾਬਰ ਦੀ ਭਾਜੀ ਨੀ ਮੋੜ ਦਿੰਦੇ .... ਹਟ ਜਾ ਪਰੇ ਮੈਨੂੰ ਮੇਰਾ ਧਰਮ ਆਪਣਾ ਫਰਜ਼ ਨਿਭਾਉਣ ਲਈ ਹੋਕਰੇ ਮਾਰ ਰਿਹੈ।

ਗੁਰਮੁਖ ਸਿੰਘ : ਤੇ ਮੈਨੂੰ ਵੀ ਮੇਰਾ ਧਰਮ ਹੁਬਾਂ ਮਾਰ ਮਾਰ ਕਹਿ ਰਿਹਾ, "ਗੁਰੂ ਦਿਆ ਸਿਖਾ, ਇਮਤਿਹਾਨ ਦੀ ਘੜੀ ਆ ਪਹੁੰਚੀ।"

ਖੜਕ ਸਿੰਘ : ਤੇਰੇ ਸਿਖੀ ਬਾਣੇ ਦੀ ਲਾਜ ਰੱਖਦੈਂ.....

ਗੁਰਮੁਖ ਸਿੰਘ : ਤੂੰ ਸਿਖੀ ਬਾਣੇ ਦੀ ਲਾਜ ਰੱਖਦੈਂ, ਮੈਂ ਸਿੱਖੀ ਦੀ ਲਾਜ ਰੱਖਦੈਂ

ਇਹ ਨਾਟਕ ਹੈ, ਪਰ ਜੋ ਕੁਝ ਇਸਦੇ ਪਾਤਰ ਕਹਿ ਰਹੇ ਨੇ ਉਹ ਸੱਚ ਬਣਕੇ ਵਾਪਰ ਰਿਹਾ ਹੈ। ਜੇ 1947 ਵਿਚ ਮੁਸਲਮਾਨ ਪੰਜਾਬੀ ਇਕ ਪਾਸੇ ਤੇ ਹਿੰਦੂ, ਸਿੱਖ ਪੰਜਾਬੀ ਦੂਜੇ ਪਾਸੇ ਖੂਨ ਦੀ ਹੋਲੀ ਖੇਡੇ ਸਨ ਤੇ ਇਕ ਦੂਜੇ ਦੇ ਬੱਚਿਆਂ ਨੂੰ ਨੇਜ਼ਿਆਂ ਤੇ ਟੰਗੀ ਫਿਰਦੇ ਸਨ। ਅੱਜ ਉਹੀ ਜਿਨਾਹ ਵਾਲੀ ਖੇਡ ਪੰਜਾਬ ਦੇ ਕੱਟੜਪੰਥੀ ਖੇਡ ਰਹੇ ਹਨ। ਪੰਜਾਬ ਵਿਚ ਹਿੰਦੂ ਤੇ ਸਿੱਖ ਫਿਰਕਾਪ੍ਰਸਤੀ ਨੰਗਾ ਨਾਚ ਬਜ਼ਾਰਾਂ ਵਿਚ ਨੱਚ ਰਹੀ ਹੈ। ਇਸਦੇ ਸਿੱਟੇ ਅਸੀਂ ਪੰਜਾਬੀਆਂ ਨੇ ਹੀ ਭੁਗਤਣੇ ਹਨ। 1947 ਵਿਚ ਭੁਗਤ ਚੁਕੇ ਹਾਂ ਅਤੇ ਫਿਰ 37 ਸਾਲਾਂ ਪਿਛੋਂ ਉਸੇ ਇਤਿਹਾਸ ਨੂੰ ਫਿਰ ਦੁਹਰਾ ਰਹੇ ਹਾਂ।

ਫਰੀਦਾਬਾਦ 'ਚ 10 ਹਜ਼ਾਰ ਬੰਧੂਆ ਖਾਣ ਮਜ਼ਦੂਰ

ਨਵੀਂ ਦਿੱਲੀ—ਫਰੀਦਾਬਾਦ ਜ਼ਿਲੇ ਵਿਚ ਬੰਧੂਆ ਮਜ਼ਦੂਰੀ ਦੇ ਵਡੇ ਚਿੰਨ ਅਜੇ ਵੀ ਮੌਜੂਦ ਹਨ। ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਰਾਸ਼ਟਰੀਆ ਖਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਸਵਾਮੀ ਅਗਨੀਵੇਸ਼ ਨੇ ਦਸਿਆ ਕਿ ਫਰੀਦਾਬਾਦ ਦੇ ਤਿੰਨ ਪਿੰਡਾਂ—ਸਰਾਏ, ਅਨੰਗਪੁਰ ਅਤੇ ਲਕੜਪੁਰ ਦੀਆਂ ਪਥਰਖਾਣਾਂ ਵਿਚ ਅਜੇ ਵੀ ਲਗਭਗ 10 ਹਜ਼ਾਰ ਪ੍ਰਵਾਸੀ ਮਜ਼ਦੂਰ ਬੰਧੂਆ ਮਜ਼ਦੂਰੀ ਕਰ ਰਹੇ ਹਨ।

ਉਹਨਾਂ ਬੀਤੀ ਸ਼ਾਮ ਦਸਿਆ ਕਿ ਇਹ ਪਿੰਡ ਹਰਿਆਣਾ, ਦਿੱਲੀ ਹੱਦ 'ਤੇ ਇਥੋਂ ਲਗਭਗ 15 ਕਿਲੋਮੀਟਰ ਦੂਰ ਹਨ। ਪਥਰ ਕੁਟਣ ਵਾਲੇ ਮਜ਼ਦੂਰ ਜੋ ਕਿ ਯੂ. ਪੀ. ਬਿਹਾਰ, ਰਾਜਸਥਾਨ ਤੇ ਮਹਾਂਰਾਸ਼ਟਰ ਦੇ ਹਰੀਜਨ ਜਾਂ ਕਬਾਇਲੀ ਹਨ, ਨੂੰ ਨਾ ਕੇਵਲ ਬੇਇਜ਼ਤ ਹੀ ਕੀਤਾ ਜਾ ਰਿਹਾ ਹੈ ਸਗੋਂ ਪ੍ਰਾਈਵੇਟ ਠੇਕੇਦਾਰਾਂ ਵਲੋਂ ਉਹਨਾਂ ਨੂੰ ਜਿਣਸੀ ਭੁਖ ਦਾ ਸ਼ਿਕਾਰ ਵੀ ਬਣਾਇਆ ਜਾ ਰਿਹਾ ਹੈ। ਉਹਨਾਂ ਦੋਸ਼ ਲਾਇਆ ਕਿ ਹਰਿਆਣਾ ਸਰਕਾਰ ਨੇ ਛੁਡਾਏ ਬੰਧੂਆ ਮਜ਼ਦੂਰਾਂ ਦੇ ਮੁੜ ਵਸੇਵੇਂ ਲਈ ਕੋਈ ਕਦਮ ਨਹੀਂ ਪੁਟੇ, ਠੇਕੇਦਾਰ ਸਾਰੇ ਸਰਕਾਰੀ ਕੇਸਾਂ ਦੀ ਉਲੰਘਣਾ ਕਰਕੇ ਇਹਨਾਂ ਪ੍ਰਵਾਸੀ ਮਜ਼ਦੂਰਾਂ ਦੀ ਲੁਟਚੋਂਘ ਕਰ ਰਹੇ ਹਨ।

ਹਰਿਆਣਾ ਦੇ ਸਾਬਕ ਮੰਤਰੀ ਸ੍ਰੀ ਅਗਨੀਵੇਸ਼ ਨੇ ਕਿਹਾ ਕਿ ਇਨ੍ਹਾਂ ਮਜ਼ਦੂਰਾਂ ਨੂੰ ਹਰਿਆਣਾ ਸਰਕਾਰ ਵਲੋਂ ਨਿਸਚਤ ਪੌਣੇ ਚੌਦਾਂ ਰੁਪਏ ਦੀ ਥਾਂ ਕੇਵਲ 7-8 ਰੁਪਏ ਦਿਹਾੜੀ ਦਿਤੀ ਜਾ ਰਹੀ ਹੈ। ਪ੍ਰਾਈਵੇਟ ਪਥਰ-ਖਾਣ ਮਾਲਕ ਤੇ ਠੇਕੇਦਾਰ ਮਜਦੂਰਾਂ ਨੂੰ ਦਹਿਸ਼ਤਜ਼ ਦਾ ਕਰਨ ਲਈ ਅਕਸਰ ਹਿੰਸਕ ਢੰਗ ਅਪਣਾਉਂਦੇ ਹਨ ਤਾਂ ਜੋ ਉਹ ਲੁਟਚੋਂਘ ਵਿਰੁਧ ਆਵਾਜ਼ ਨਾ ਉਠਾ ਸਕਣ।

ਦੁਸ਼ਮਨੋਂ ਕੇ ਸਾਥ ਮੇਰੇ ਦੋਸਤ ਭੀ ਆਜ਼ਾਦ ਹੈਂ
ਦੇਖਨਾ ਹੈ ਫੈਂਕਤਾ ਹੈ ਮੁਝ ਪੇ ਪਹਿਲਾਂ ਤੀਰ ਕੌਣ

—ਪ੍ਰਵੀਨ ਸ਼ਾਕਿਰ

ਰਾਜਸੀ ਪਿੜ ਵਿਚੋਂ : ਪੰਜਾਬ

ਲਖਵਿੰਦਰ ਜੌਹਲ

ਅਕਾਲੀ ਦਲ ਵਲੋਂ ਮੋਰਚੇ ਨੂੰ ਤੇਜ਼ ਕਰਨ ਲਈ ਐਲਾਨੇ ਜਾਣ ਵਾਲਾ ਪ੍ਰੋਗਰਾਮ 27 ਜਨਵਰੀ ਨੂੰ ਐਲਾਨ ਕੀਤਾ ਗਿਆ ਸੀ। ਜਿਸ ਅਨੁਸਾਰ ਅੱਠ ਫਰਵਰੀ ਨੂੰ 'ਪੰਜਾਬ ਬੰਦ' ਹੋਇਆ ਅਤੇ 27 ਫਰਵਰੀ ਨੂੰ ਪਾਰਲੀਮੈਂਟ ਅਗੇ ਵਿਖਾਵਾ ਕੀਤਾ ਜਾਵੇਗਾ ਇਹ ਪ੍ਰੋਗਰਾਮ ਐਲਾਨੇ ਜਾਣ ਦੇ ਨਾਲ ਹੀ ਅਕਾਲੀ ਦਲ ਦੇ ਗਰਮ ਧੜੇ ਅਤੇ ਨਰਮ ਧੜੇ ਵਿਚਕਾਰ ਫੁੱਟ ਇਕ ਵਾਰ ਫੇਰ ਸਾਹਮਣੇਂ ਆਈ ਅਤੇ ਗਰਮ ਧੜੇ ਨੇ ਇਹ ਪ੍ਰੋਗਰਾਮ ਕਬੂਲਣ ਤੋਂ ਇਨਕਾਰ ਕਰਦਿਆਂ ਇਸਦਾ ਖੁੱਲ੍ਹਾ ਵਿਰੋਧ ਕੀਤਾ। ਸਿੱਖ ਸਟੂਡੈਂਟਸ ਫੈਡਰੇਸ਼ਨ, ਜਿਹੜੀ ਗਰਮ ਧੜੇ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਵਿਚਾਰਾਂ ਦੀ ਤਰਜਮਾਨੀ ਕਰਨ ਵਾਲੀ ਪ੍ਰਤੀਨਿਧ ਜਥੇਬੰਦੀ ਵਜੋਂ ਉਭਰੀ ਹੈ, ਦੇ ਵਰਕਰਾਂ ਨੇ ਸੰਤ ਲੌਂਗੋਵਾਲ ਵਿਰੁਧ ਦਰਬਾਰ ਸਾਹਿਬ ਦੇ ਅਹਾਤੇ ਵਿਚ ਮੁਜ਼ਾਹਰਾ ਕੀਤਾ ਜਦੋਂ ਇਹ ਵਿਖਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰਾਂ ਅਵੋਂ ਦੀ ਲੰਘਿਆ ਤਾਂ ਇਸ ਉਤੇ ਗੋਲੀਆਂ ਵਰ੍ਹਾਈਆਂ ਗਈਆਂ ਜਿਨਾਂ ਨਾਲ ਦੋ ਵਿਅਕਤੀ ਜਖਮੀ ਹੋਏ ਜਿੰਨਾਂ ਵਿਚ ਬੂਆ ਸਿੰਘ ਨੂੰ ਕੁਝ ਗੰਭੀਰ ਸੱਟ ਵੱਜੀ ਅਤੇ ਉਸਨੂੰ ਗੁਰੂ ਤੇਗ ਬਹਾਦਰ ਹਸਪਤਾਲ ਅੰਮ੍ਰਿਤਸਰ ਵਿਚ ਦਾਖਲ ਕਰਵਾਉਣਾ ਪਿਆ। ਸਿੱਖ ਫੈਡਰੇਸ਼ਨ ਵਾਲਿਆਂ ਦਾ ਇਹ ਵਿਖਾਵਾ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਕੋਲ ਗਿਆ ਜਿਹੜਾ ਉਸ ਵੇਲੇ ਅਕਾਲ ਤਖਤ ਵਿਖੇ ਸੀ ਅਤੇ ਉਸਨੂੰ ਬੇਨਤੀ ਕੀਤੀ ਕਿ ਉਹ ਮੋਰਚੇ ਨੂੰ ਤੇਜ਼ ਕਰਨ ਲਈ ਵਖਰਾ ਪ੍ਰੋਗਰਾਮ ਦੇਣ ਅਤੇ "ਰੋਹ ਵਿਚ ਆਏ ਨੌਜਵਾਨਾਂ" ਨੂੰ ਸੰਬੋਧਨ ਕਰਨ। ਸੰਤ ਭਿੰਡਰਾਂਵਾਲੇ ਨੇ ਇਸ ਵਿਖਾਵੇ ਵਿਚ ਆਏ ਨੌਜਵਾਨਾਂ ਨੂੰ ਸੰਬੋਧਨ ਕੀਤਾ- ਪਰ ਉਨ੍ਹਾਂ ਨੂੰ ਸ਼ਾਂਤ ਹੋਣ ਲਈ ਕਹਿੰਦਿਆਂ ਹੋਇਆਂ ਮੋਰਚੇ ਨੂੰ ਤੇਜ਼ ਕਰਨ ਲਈ ਕੋਈ ਵਖਰਾ ਪ੍ਰੋਗਰਾਮ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਨਾਲ ਵਕਤੀ ਤੌਰ ਉਤੇ ਦਰਬਾਰ ਸਾਹਿਬ ਦੇ ਅਹਾਤੇ ਵਿਚ ਭਾਵੇਂ ਸ਼ਾਂਤੀ ਵਾਪਰ ਗਈ ਅਤੇ ਅਕਾਲੀ ਦਲ ਵਲੋਂ ਕਿਸੇ ਕਿਸਮ ਦੇ ਆਪਸੀ ਤਨਾਓ ਦਾ ਖੰਡਨ ਕੀਤਾ ਗਿਆ ਪਰ ਅਸਲ ਵਿਚ ਇਹ ਵਕਤੀ ਸ਼ਾਂਤੀ ਪੈਦਾ ਕਰਨੀ ਦੋਹਾਂ ਪਾਸਿਆਂ ਦੀ ਮਜ਼ਬੂਰੀ ਬਣ ਗਈ ਤਾਂ ਕਿ ਇਸ ਤਨਾਓ ਅਤੇ ਟਕਰਾਓ ਦਾ ਲਾਭ ਉਠਾ ਕੇ ਪੁਲਸ ਨੂੰ ਦਰਬਾਰ ਸਾਹਿਬ ਅਹਾਤੇ ਵਿਚ ਦਾਖਲ ਹੋਣ ਦਾ ਬਹਾਨਾ ਨਾ ਮਿਲ ਜਾਵੇ।

ਧਮਾਕੇ ਅਤੇ ਅੱਗਾਂ

ਦਰਬਾਰ ਸਾਹਿਬ ਦੀ ਇਹ ਲੜਾਈ ਦੂਸਰੇ ਦਿਨ ਹੀ ਬਾਹਰ ਆ ਗਈ ਅਤੇ ਜਿਹੜਾ ਪ੍ਰੋਗਰਾਮ ਭਿੰਡਰਾਂਵਾਲੇ ਨੇ ਖੁਲ੍ਹੇ ਤੌਰ ਉਤੇ ਵਖਰਾ ਦੇਣ ਤੋਂ ਇਨਕਾਰ ਕੀਤਾ ਸੀ ਜਾਪਦਾ ਹੈ ਉਹ ਲੁਕਵੇਂ ਰੂਪ ਵਿਚ ਦੇ ਦਿਤਾ ਗਿਆ ਸੀ। ਦੂਸਰੇ ਹੀ ਦਿਨ ਨਵਾਂ ਸ਼ਹਿਰ ਦੇ ਸਤਲੁਜ ਸਿਨਮੇ ਵਿਚ ਟਿਕਟਾਂ ਲੈ ਰਹੀ ਭੀੜ ਉਤੇ ਬੰਬ ਸੁਟਿਆ ਗਿਆ ਜਿਸ ਵਿਚ ਤਿੰਨ ਵਿਅਕਤੀ ਹਲਾਕ ਹੋ ਗਏ ਅਤੇ ਦੋ ਦਰਜਨ ਤੋਂ ਵੱਧ ਬੰਦੇ ਜ਼ਖਮੀ ਹੋ ਗਏ। ਅਤੇ ਸੰਗਰੂਰ ਅਤੇ ਰੋਪੜ ਜ਼ਿਲ੍ਹਿਆਂ ਦੇ ਚਾਰ ਰੇਲਵੇ ਸਟੇਸ਼ਨਾਂ ਨੂੰ ਅੱਗਾਂ ਲਾਈਆਂ ਗਈਆਂ। ਇਨ੍ਹਾਂ ਵਿਚ ਤਪਾ ਰੇਲਵੇ ਸਟੇਸ਼ਨ ਤਾਂ ਸੜ ਕੇ ਸੁਆਹ ਹੀ ਹੋ ਗਿਆ ਜਦੋਂ ਕਿ ਸੇਖਾ ਹੰਡਿਆਇਆ ਅਤੇ ਚਟੌਲੀ ਨੂੰ ਥੋੜਾ ਥੋੜਾ ਨੁਕਸਾਨ ਪਹੁੰਚਾ। ਇਨ੍ਹਾਂ ਘਟਨਾਵਾਂ ਨੇ ਅੰਮ੍ਰਿਤਸਰ ਜ਼ਿਲ੍ਹਾਂ ਵਿਚ ਦੋ ਸਰਕਾਰੀ ਬੱਸਾਂ ਨੂੰ ਅੱਗ ਲਾ ਦਿੱਤੀ ਗਈ। ਭਾਵੇਂ ਕਿ ਪੱਟੀ ਸਬਡਵੀਜ਼ਨ ਦੇ ਪਿੰਡ ਰਾਏ ਬੰਗਲਾ ਕੋਲ ਬੱਸ ਸਾੜਨ ਵਾਲੇ ਸਿਖ ਨੌਜਵਾਨਾ ਨੂੰ ਇਸ ਪਿੰਡ ਦੇ ਹੀ ਲੋਕਾਂ ਨੇ ਘੇਰ ਕੇ ਫੜ ਲਿਆ। ਫੇਰ ਵੀ ਪੰਜਾਬ ਵਿਚ ਹਿੰਸਾਤਮਕ ਕਾਰਵਾਈਆਂ ਦੀ ਲੜੀ ਦਲ ਦੇ ਮੋਰਚੇ ਦੇ ਨਵੇਂ ਪ੍ਰੋਗਰਾਮ ਦੇ ਨਾਲ ਹੀ (ਸਮਾਨੰਤਰ) ਸ਼ੁਰੂ ਹੋ ਗਈ ਹੈ!

ਸੰਵਿਧਾਨ ਦੀ ਧਾਰਾ 25

ਜਦੋਂ ਤੋਂ ਅਕਾਲੀ ਮੋਰਚਾ ਸ਼ੁਰੂ ਹੋਇਆ ਹੈ ਇਹ ਪਹਿਲੀ ਵਾਰੀ ਹੈ ਕਿ ਸੰਵਿਧਾਨ ਦੀ ਧਾਰਾ 25 ਨੂੰ ਰੱਦ ਕਰਨ ਅਤੇ ਉਸਦੇ ਸੰਵਿਧਾਨ ਵਿਚ ਸੋਧ ਕਰਕੇ ਸਿੱਖਾਂ ਨੂੰ ਵਖਰੀ ਕੌਮ ਅਤੇ ਵਖਰਾ ਧਰਮ ਕਬੂਲਣ ਦੀ ਮੰਗ ਉਚੀ ਕੀਤੀ ਗਈ ਹੈ ਇਸ ਤੋਂ ਪਹਿਲਾਂ 'ਸਿੱਖ ਇਕ ਵਖਰੀ ਕੌਮ' ਦਾ ਨਾਅਰਾ ਉਂਝ ਜ਼ਬਾਨੀ ਕਲਾਮੀ ਤਾਂ ਬੁਲੰਦ ਕੀਤਾ ਜਾਂਦਾ ਰਿਹਾ ਹੈ ਪਰ ਇਹ ਮੰਗ ਨਹੀਂ ਸੀ ਕੀਤੀ ਗਈ ਕਿ ਧਾਰਾ 25 ਨੂੰ ਰੱਦ ਕੀਤਾ ਜਾਏ। ਇਸ ਧਾਰਾ 25 ਅਨੁਸਾਰ ਸਿੱਖਾਂ ਉਤੇ ਹਿੰਦੂ ਪਰਸਨਲ ਲਾਅ, ਹਿੰਦੂ ਮੈਰਿਜ ਐਕਟ, ਹਿੰਦੂ ਵਿਰਾਸਤ ਕਾਨੂੰਨ ਤੇ ਹਿੰਦੂ ਗੋਦ ਕਾਨੂੰਨ ਹੀ ਲਾਗੂ ਹੁੰਦੇ ਹਨ। ਅਕਾਲੀ ਦਲ ਨੇ ਆਪਣੇ ਐਲਾਨ ਵਿਚ ਕਿਹਾ ਹੈ ਕਿ ਜੇਕਰ 27 ਫਰਵਰੀ ਤੱਕ 'ਸਿੱਖਾਂ ਦੀ ਵੱਖਰੀ ਹੋਂਦ ਨੂੰ ਮਾਨਤਾ' ਲਈ ਸੰਵਿਧਾਨ ਦੀ ਧਾਰਾ 25 ਵਿਚ ਸੋਧ ਨਾ ਕੀਤੀ ਗਈ ਅਤੇ ਦਲ ਦੀਆਂ ਹੋਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਇਸਦੇ ਗੰਭੀਰ ਨਤੀਜਿਆਂ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਕੇਂਦਰ ਸਰਕਾਰ ਉਤੇ ਹੋਵੇਗੀ।

ਕੇਂਦਰ ਤਿਆਰ

ਇਹ ਚਰਚਾ ਆਮ ਹੀ ਹੈ ਕਿ ਕੇਂਦਰ ਸਰਕਾਰ ਸੰਵਿਧਾਨ ਦੀ ਧਾਰਾ 25 ਵਿਚ ਤਰਮੀਮ ਕਰਨ ਦੇ ਵਿਰੁਧ ਨਹੀਂ ਹੈ। ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦਾ ਵਿਚਾਰ ਹੈ ਕਿ ਇਹ ਮੰਗ ਕੋਈ ਨੁਕਸਾਨ ਪਹੁੰਚਾਉਣ ਵਾਲੀ ਨਹੀਂ ਹੈ ਅਤੇ ਉਨ੍ਹਾਂ ਨੇ ਕਈ ਵਾਰ ਇਸ ਸਬੰਧੀ ਅਕਾਲੀ ਲੀਡਰਸ਼ਿਪ ਨੂੰ ਸੰਕੇਤ ਵੀ ਦਿੱਤੇ ਹਨ ਪਰ ਫੇਰ ਵੀ ਅਕਾਲੀ ਦਲ ਨੇ ਜਿਹੜਾ ਹੁਣ ਆ ਕੇ ਇਸ ਸਾਰੇ ਮਾਮਲੇ ਨੂੰ ਇਕ 'ਅਲਟੀਮੇਟਮ' ਦੀ ਸ਼ਕਲ ਦਿਤੀ ਹੈ ਉਸ ਤੋਂ ਰਾਜਨੀਤਕ ਹਲਕਿਆਂ ਵਿਚ ਤਰ੍ਹਾਂ ਤਰ੍ਹਾਂ ਦੇ ਅਨੁਮਾਨ ਲਾਏ ਜਾ ਰਹੇ ਹਨ। ਕੁਝ ਪੰਡ੍ਰਤਾਂ ਦਾ ਖਿਆਲ ਹੈ ਕਿ ਇਹ ਮੰਗ ਕਿਸੇ ਸਮਝੌਤੇ ਅਧੀਨ ਹੀ ਉਚੀ ਕੀਤੀ ਗਈ ਹੈ ਤਾਂ ਕਿ 27 ਫਰਵਰੀ ਤੱਕ ਇਹ ਮੰਗ ਮੰਨਵਾ ਕੇ ਗਰਮ ਧੜੇ ਨੂੰ ਥੱਲੇ ਲਾਇਆ ਜਾ ਸਕੇ ਅਤੇ ਲੰਮੇ ਸਮੇਂ ਤੋਂ ਅਕਾਲੀ ਦਲ ਦੇ ਗਲ ਪਏ ਮੋਰਚੇ ਤੋਂ ਖਹਿੜਾ ਛੁਡਾਇਆ ਜਾ ਸਕੇ। ਦੂਸਰਾ ਇਹ ਮੰਗ ਇਸ ਕਰਕੇ ਵੀ ਚੁੱਕੀ ਗਈ ਜਾਪਦੀ ਹੈ ਕਿ ਮੋਰਚੇ ਨੂੰ ਉਨ੍ਹਾਂ ਲੋਕਾਂ ਦੇ ਹੱਥਾਂ ਵਿਚੋਂ ਪੂਰੀ ਤਰ੍ਹਾਂ ਖੋਹ ਲਿਆ ਜਾਵੇ ਜੋ ਇਸ ਗਲ ਦੇ ਪੱਕੇ ਮੁਦਈ ਹਨ ਕਿ 'ਅਨੰਦਪੁਰ ਦਾ ਮਤਾ' ਮੰਨੇ ਜਾਣ ਤੱਕ ਮੋਰਚਾ ਜਾਰੀ ਰਹੇਗਾ।

ਇਥੇ ਇਹ ਗੱਲ ਵਰਨਣਯੋਗ ਹੈ ਕਿ ਕੇਂਦਰ ਸਰਕਾਰ ਸਿੱਖਾਂ ਦੀ ਧਾਰਮਿਕ ਮੰਗਾਂ ਪ੍ਰਤੀ ਮੁਢੋਂ ਹੀ ਕੁਝ ਨਰਮ ਵਤੀਰਾ ਧਾਰਨ ਕਰਦੀ ਰਹੀ ਹੈ। ਅਤੇ ਚਾਰ ਮੁਖ ਮੰਗਾਂ ਨੂੰ ਮੰਨੇ ਜਾਣ ਦਾ ਐਲਾਨ ਤਾਂ ਪਹਿਲਾਂ ਹੀ ਕੀਤਾ ਜਾ ਚੁਕਿਆ ਹੈ ਭਾਵੇਂ ਕਿ ਉਨ੍ਹਾਂ ਨੂੰ ਲਾਗੂ ਕਰਨ ਵਿਚ ਕੁਝ ਕੁ ਦੇਰੀ ਹੋਈ ਹੈ ਜਿਸਦਾ ਇਲਜ਼ਾਮ ਇਕ ਦੂਜੀ ਧਿਰ ਇਕ ਦੂਜੀ ਧਿਰ ਉਤੇ ਲਾ ਰਹੀ ਹੈ। ਹੁਣ ਜਦੋਂ ਧਾਰਾ 25 ਵਿਚ ਸੋਧ ਕਰਨ ਦੀ ਮੰਗ ਉਚੀ ਹੋਈ ਹੈ ਤਾਂ ਇਸਦਾ ਦੂਸਰਾ ਪੱਖ ਇਹ ਵੀ ਜਾਪਦਾ ਹੈ ਕਿ ਅਕਾਲੀ ਦਲ ਹੋਰ ਮੰਗਾਂ, ਜਿਨ੍ਹਾਂ ਵਿਚ ਚੰਡੀਗੜ੍ਹ ਤੇ ਪਾਣੀਆਂ ਦਾ ਮਸਲਾ ਮੁੱਖ ਸਨ, ਨਾਲੋਂ ਇਸ ਮੰਗ ਉਤੇ ਵਧੇਰੇ ਜ਼ੋਰ ਪਾਉਣਾ ਚਾਹੁੰਦਾ ਹੈ ਅਤੇ ਸਿੱਖ ਧਾਰਮਿਕ ਜਜ਼ਬਾਤ ਨੂੰ ਸ਼ਾਂਤ ਕਰਕੇ ਮੋਰਚੇ ਵਿਚੋਂ ਨਿਕਲਣਾ ਚਾਹੁੰਦਾ ਹੈ। ਅਜੇਹੇ ਸੰਕੇਤ ਪਹਿਲਾਂ ਵੀ ਆਏ ਸਨ ਕਿ ਅਸਲ ਵਿਚ ਅਕਾਲੀ ਦਲ ਚੰਡੀਗੜ੍ਹ ਨੂੰ ਪੰਜਾਬ ਵਿਚ ਮਿਲਾਏ ਜਾਣ ਦੇ ਤਾਂ ਹੱਕ ਵਿਚ ਹੈ ਪਰ ਅਬੋਹਰ ਅਤੇ ਫਾਜ਼ਿਲਕਾ ਦੇ ਇਲਾਕੇ ਵੀ ਪੰਜਾਬ ਵਿਚ ਹੀ ਰਹਿਣ ਇਸਦਾ ਉਸਨੂੰ ਕੋਈ ਬਹੁਤਾ ਫਿਕਰ ਨਹੀਂ ਹੈ। ਕਿਉਂਕਿ ਅਕਾਲੀ ਦਲ ਸਮਝਦਾ ਹੈ ਕਿ ਚੋਣਾਂ ਦੀ ਲੜਾਈ ਵਿਚ ਇਨਾਂ ਇਲਾਕਿਆਂ ਦਾ ਉਸਨੂੰ ਕਦੇ ਕੋਈ ਲਾਭ ਨਹੀਂ ਹੋਣ ਲੱਗਾ। ਇਸ ਮਾਮਲੇ ਵਿਚ ਵੀ ਅਕਾਲੀ ਦਲ ਵਿਚ ਆਪਸੀ ਲੜਾਈ ਚਲ ਰਹੀ ਹੈ।

ਨਾਲੋਂ ਨਾਲ ਸੁਲਾਹ ਦੇ ਯਤਨ

ਸੰਤ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਆਪਸੀ ਤਨਾਓ ਵਧਣ ਦੇ ਨਾਲ ਹੀ ਦੋਹਾਂ ਸੰਤਾਂ ਦੇ 'ਸਾਂਝੇ ਬੰਦਿਆਂ' ਵਲੋਂ ਦੋਹਾਂ ਵਿਚਕਾਰ ਸੁਲਾਹ ਦੇ ਯਤਨ ਵੀ ਨਾਲੋਂ ਨਾਲ ਸ਼ੁਰੂ ਹੋ ਗਏ ਹਨ। ਇਸ ਸੰਬੰਧ ਵਿਚ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਭ ਤੋਂ ਸਰਗਰਮ ਹਨ। ਪਹਿਲਾਂ ਵੀ ਇਕ ਵਾਰ ਦੋਹਾਂ ਸੰਤਾਂ ਵਿਚਕਾਰ ਸੁਲਾਹ ਕਰਾਉਣ ਵਿਚ ਜਥੇਦਾਰ ਟੌਹੜਾ ਕਾਮਯਾਬ ਰੋਲ ਅਦਾ ਕਰ ਚੁਕੇ ਹਨ। ਇਥੇ ਇਹ ਵਰਨਣਯੋਗ ਹੈ ਕਿ ਦੋਵੇਂ ਸੰਤ ਕਾਫੀ ਲੰਮੇ ਸਮੇਂ ਤੋਂ ਆਪੋ ਵਿਚ ਬੋਲਦੇ ਵੀ ਨਹੀਂ।

ਨਵੇਂ ਸੁਲਾਹ ਯਤਨਾ ਅਧੀਨ ਇਹ ਵੀ ਪਤਾ ਲੱਗਾ ਹੈ ਕਿ ਪੰਜਾਂ ਹੀ ਤਖਤਾਂ ਦੇ ਹੈੱਡ ਗਰੰਥੀ ਪੰਜਾਂ ਪਿਆਰਿਆਂ ਦੇ ਰੂਪ ਵਿਚ ਦੋਵਾਂ ਸੰਤਾਂ ਨੂੰ ਮਿਲਣਗੇ ਅਤੇ ਉਨ੍ਹਾਂ ਨੂੰ ਸੁਲਾਹ ਕਰਨ ਲਈ ਕਹਿਣਗੇ। ਇਹ ਤਜਵੀਜ਼ ਵੀ ਫੇਰ ਉਭਰ ਰਹੀ ਹੈ ਕਿ ਅਕਾਲ ਤਖਤ ਉਤੋਂ ਦਲ ਵਿਚ ਏਕਤਾ ਰੱਖਣ ਦੀ ਹਦਾਇਤ ਫੇਰ ਜਾਰੀ ਕੀਤੀ ਜਾਵੇ ਅਜੇਹੀ ਹਿਦਾਇਤ ਪਹਿਲਾਂ ਵੀ ਇਕ ਵਾਰੀ ਜਾਰੀ ਕੀਤੀ ਗਈ ਸੀ ਜਦੋਂ ਤਲਵੰਡੀ ਅਕਾਲੀ ਦਲ ਨੂੰ ਮੋਰਚੇ ਵਿਚ ਸ਼ਾਮਲ ਕੀਤਾ ਗਿਆ ਸੀ। ਦੋਹਾਂ ਸੰਤਾਂ ਵਿਚ ਭਰੋਸਾ ਰੱਖਣ ਵਾਲੇ ਅਕਾਲੀ ਇਹ ਸਮਝਦੇ ਹਨ ਕਿ ਜੇਕਰ ਦਲ ਦੇ ਦੋਹਾਂ ਸੰਤਾਂ ਵਿਚ ਸੁਲਾਹ ਨਹੀਂ ਹੁੰਦੀ ਤਾਂ ਮੋਰਚਾ ਕਦੇ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਦਾ ਅਤੇ ਇਸਦਾ ਇਹ ਹੋਰ ਨੁਕਸਾਨ ਇਹ ਹੈ ਕਿ ਨੌਜਵਾਨ ਅਤੇ ਵਿਸ਼ੇਸ਼ ਕਰਕੇ ਵਿਦਿਆਰਥੀ ਦਲ ਤੋਂ ਦੂਰ ਜਾ ਰਹੇ ਹਨ। ਕੁਝ ਅਕਾਲੀ ਆਗੂ ਇਹ ਚਾਹੁੰਦੇ ਹਨ ਕਿ ਮੋਰਚੇ ਦੌਰਾਨ ਕੇਂਦਰ ਨੂੰ ਦਬਾਅ ਪਾਉਣ ਲਈ ਵਿਦਿਆਰਥੀਆਂ ਨੂੰ ਅਤੇ ਸੰਤ ਜਰਨੈਲ ਸਿੰਘ ਦੇ ਉਨ੍ਹਾਂ ਵਿਚ ਅਸਰ ਰਸੂਖ ਨੂੰ ਵਰਤਿਆ ਜਾਣਾ ਬਹੁਤ ਜ਼ਰੂਰੀ ਹੈ। ਸੰਤ ਭਿੰਡਰਾਂਵਾਲਾ ਦੀ ਵਡਿਆਈ ਇਸ ਵਿਚ ਸਮਝੀ ਗਈ ਹੈ ਕਿ ਭਾਵੇਂ ਨਵੇਂ ਐਲਾਨ ਦੀ ਰੂਪ ਰੇਖਾ ਵਿਚ ਉਸਦੀ ਕੋਈ ਸਲਾਹ ਨਹੀਂ ਲਈ ਗਈ ਫੇਰ ਵੀ ਉਸਨੇ ਮੋਰਚੇ ਨੂੰ ਆਪਣੀ ਹਮਾਇਤ ਵਾਪਸ ਨਹੀਂ ਲਈ। ਉਂਝ ਫੇਰ ਇਹ ਮੋਰਚਾ ਹੁਣ ਉਸਦੀ ਵੀ ਮਜ਼ਬੂਰੀ ਬਣ ਗਿਆ ਹੈ ਕਿਉਂਕਿ ਜਿੰਨਾ ਚਿਰ ਮੋਰਚਾ ਜਾਰੀ ਹੈ ਉਹ ਉਨਾ ਚਿਰ ਹੀ ਦਰਬਾਰ ਸਾਹਿਬ ਵਿਚ ਟਿਕਿਆ ਰਹਿ ਸਕਦਾ ਹੈ।

ਪਾਂਡੇ ਨੂੰ ਆਸ : ਖੁਫੀਆ ਗਲਬਾਤ

ਅਕਾਲੀ ਦਲ ਵਲੋਂ ਨਵਾਂ ਪ੍ਰੋਗਰਾਮ ਕੁਝ ਨਰਮ ਰੱਖੇ ਜਾਣ ਨਾਲ ਸਮਝੌਤੇ ਦੇ ਕੁਝ ਅਸਾਰ ਦਿਸ ਰਹੇ ਹਨ। ਇਹ ਖਬਰਾਂ ਵੀ ਆਈਆਂ ਹਨ ਕਿ ਕੇਂਦਰੀ ਮੰਤਰੀ ਸ੍ਰੀ ਬੂਟਾ ਸਿੰਘ ਦਲ ਦੇ ਕੁਝ ਆਗੂਆਂ ਨਾਲ ਖੁਫੀਆ ਗਲਬਾਤ ਕਰ ਰਹੇ ਹਨ। 26 ਜਨਵਰੀ ਦੇ ਜਸ਼ਨਾਂ ਵੇਲੇ ਸ੍ਰੀ ਬੂਟਾ ਸਿੰਘ ਅੰਮ੍ਰਿਤਸਰ ਵਿਚ ਸਨ ਅਤੇ ਦਲ ਦੇ ਮੋਰਚੇ ਦੇ ਨਵੇਂ ਐਲਾਨ ਵੇਲੇ ਅਤੇ ਦਲ ਦੇ ਦੋਹਾਂ ਗਰੁਪਾਂ ਵਿਚਕਾਰ ਹੋਈਆਂ ਝੜਪਾਂ ਸਮੇਂ ਵੀ ਉਹ ਅੰਮ੍ਰਿਤਸਰ ਵਿਚ ਹੀ ਸਨ। ਇਸ ਤਰ੍ਹਾਂ ਦੀਆਂ ਖਬਰਾਂ ਪਹਿਲਾਂ ਵੀ ਆਈਆਂ ਸਨ ਕਿ ਜਥੇਦਾਰ ਟੌਹੜਾ ਨੇ ਕੇਂਦਰ ਨਾਲ ਕੋਈ ਖੁਫੀਆ ਗਿਟਮਿਟ ਕੀਤੀ ਹੈ ਪਰ ਜਥੇਦਾਰ ਟੌਹੜਾ ਨੇ ਇਸ ਖਬਰ ਦਾ ਉਦੋਂ ਖੰਡਨ ਕਰ ਦਿਤਾ ਸੀ।

ਹੁਣ ਇਕ ਦਿਨ 'ਪੰਜਾਬ ਬੰਦ' ਦੇ ਸੱਦੇ ਉਤੇ ਟਿਪਣੀ ਕਰਦਿਆਂ ਪੰਜਾਬ ਦੇ ਗਵਰਨਰ ਸ੍ਰੀ ਭੈਰਵ ਦੱਤ ਪਾਂਡੇ ਨੇ ਸਾਹਨੇਵਾਲ ਵਿਚ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਕਿਹਾ ਕਿ ਅਕਾਲੀ ਦਲ ਨੇ ਹਾਲ ਦੀ ਘੜੀ ਆਪਣਾ ਪ੍ਰੋਗਰਾਮ ਬਹੁਤ ਨਰਮ ਰਖਿਆ ਹੈ ਉਨ੍ਹਾਂ ਕਿਹਾ - "ਦਲ ਵਲੋਂ ਅਪਨਾਏ ਠੀਕ ਰਵੱਈਏ ਦਾ ਕੋਈ ਚੰਗਾ ਨਤੀਜਾ ਨਿਕਲੇਗਾ।" ਇਸਦੇ ਨਾਲ ਹੀ ਪੰਜਾਬ ਵਿਚ ਹਿੰਸਕ ਘਟਨਾਵਾਂ ਮੁੜ ਤੇਜ਼ ਹੋਣ ਉਤੇ ਟਿਪਣੀ ਕਰਦਿਆਂ ਪਾਂਡੇ ਨੇ ਕਿਹਾ ਹੈ ਕਿ —"ਇਨ੍ਹਾਂ ਪਿਛੇ ਸੰਤ ਲੌਂਗੋਵਾਲ ਦੇ ਵਿਰੋਧੀ ਧੜੇ ਦਾ ਹੱਥ ਹੈ ਜਿਹੜਾ ਪੰਜਾਬ ਵਿਚ ਅਸਥਿਰਤਾ ਪੈਦਾ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਅਜੇਹੀਆਂ ਕਾਰਵਾਈਆਂ ਅਕਾਲੀ ਦਲ ਦੇ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਹਨ।" ਨਾਲ ਉਨ੍ਹਾਂ ਕਿਹਾ ਕਿ ਅਤਿਵਾਦੀਆਂ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਅਤੇ ਅਮਨ ਕਾਨੂੰਨ ਨੂੰ ਕਾਇਮ ਰੱਖਣ ਲਈ ਸਾਰੇ ਸੰਭਵ ਯਤਨ ਕੀਤੇ ਜਾ ਰਹੇ ਹਨ।

ਨਵਾਂ ਆਰਡੀਨੈਂਸ

ਇਨ੍ਹਾਂ ਸਾਰੇ ਸੰਭਵ ਯਤਨਾਂ ਅਧੀਨ ਹੀ ਕੇਂਦਰ ਸਰਕਾਰ ਨੇ ਇਕ ਨਵਾਂ ਆਰਡੀਨੈਂਸ ਜਾਰੀ ਕੀਤਾ ਹੈ ਅਤੇ ਪੰਜਾਬ ਸਰਕਾਰ ਨੂੰ ਸੁਰੱਖਿਆ ਪ੍ਰਬੰਧ ਕਰੜੇ ਕਰਨ ਦੀਆਂ ਹਿਦਾਇਤਾਂ ਦਿੱਤੀਆਂ ਹਨ। ਇਸ ਨਵੇਂ ਆਰਡੀਨੈਂਸ ਅਨੁਸਾਰ ਬਿਜਲੀ ਅਤੇ ਤੇਲ ਕਾਰਖਾਨਿਆਂ, ਟਰਾਂਸਪੋਰਟ ਜਾਂ ਸੰਚਾਰ ਵਿਵਸਥਾਂ ਸਮੇਤ ਪਬਲਿਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਵਾਲੇ ਲੋਕਾਂ ਲਈ ਸਜਾਵਾਂ ਕਰੜੀਆਂ ਕਰ ਦਿੱਤੀਆਂ ਹਨ। ਇਸ ਆਰਡੀਨੈਂਸ ਅਨੁਸਾਰ ਅਪਰਾਧੀ ਸਾਬਤ ਹੋਣ ਵਾਲੇ ਵਿਅਕਤੀ ਨੂੰ ਛੇ ਮਹੀਨੇ ਤੋਂ ਪੰਜ ਸਾਲ ਤੱਕ ਦੀ ਕੈਦ ਦੀ ਸਜ਼ਾ ਦਿਤੀ ਜਾ ਸਕਦੀ ਹੈ ਜਿਹੜੇ ਵਿਅਕਤੀ ਅੱਗਾਂ ਜਾਂ ਬੰਬਾਂ ਰਾਹੀਂ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣਗੇ ਉਨ੍ਹਾਂ ਨੂੰ ਇਕ ਸਾਲ ਤਕ ਘਟੋ ਘਟ ਕੈਦ ਹੋਵੇਗੀ ਅਤੇ ਦਸ ਸਾਲ ਤੱਕ ਵਧਾਈ ਜਾ ਸਕੇਗੀ। ਇਹ ਆਰਡੀਨੈਂਸ ਸੰਵਿਧਾਨ ਦੀ ਧਾਰਾ-1 ਅਤੇ 3 ਅਧੀਨ ਜਾਰੀ ਕੀਤਾ ਗਿਆ ਜਿਹੜਾ ਕਿ ਤੁਰੰਤ ਲਾਗੂ ਹੋ ਗਿਆ ਹੈ ਇਹ ਜੰਮੂ ਕਸ਼ਮੀਰ ਵਿਚ ਲਾਗੂ ਨਹੀਂ ਹੋਇਆ।

ਆਜ਼ਾਦੀ ਸੰਗਰਾਮ ਦਾ ਇਕ ਹੋਰ ਸਪਾਹੀ ਅਕਾਲ ਚਲਾਣਾ ਕਰ ਗਿਆ

ਸ੍ਰੀ ਰੁਲੀਆ ਸਿੰਘ ਫਰੀਦਕੋਟ ਜ਼ਿਲੇ ਦੀ 'ਆਜ਼ਾਦੀ ਦੇ ਸੰਗਰਾਮੀਆਂ ਦੀ ਸੰਸਥਾ' ਦੇ ਪ੍ਰਧਾਨ ਥੋੜੀ ਦੇਰ ਬੀਮਾਰ ਰਹਿਣ ਉਪਰੰਤ ਕੋਟ ਕਪੂਰੇ ਲਾਗੇ ਆਪਣੇ ਪਿੰਡ ਬਾਰਗਾਰੀ ਵਿਚ ਚਲਾਣਾ ਕਰ ਗਏ ਹਨ। ਉਹ 77 ਵਰਿਆਂ ਦੇ ਸਨ।

ਕਿਉਂ ਯਹ ਮੇਰੀ ਆਂਖੋਂ ਕੇ ਆਈਨੇ ਸਲਾਮਤ ਹੈਂ
ਲੇਕਿਨ ਚਿਰਾਗ਼ ਜਲਤੇ ਹੀ ਅਕਸ ਖੋ ਰਹਾ ਹੂੰ ਮੈਂ
ਕਿਉਂ ਯਹ ਸਾਂਸ ਲੇਤੇ ਹੀ ਸ਼ਮਾਂ ਝਿਲਮਿਲਾਤੀ ਹੈ
ਕਿਉਂ ਨਿਗਾਹ ਕਰਤੇ ਹੀ ਰਾਖ਼ ਹੋ ਰਹਾ ਹੂੰ ਮੈਂ

ਭਾਰਤੀ ਡਿਪਲੋਮੇਟ ਦੀ ਪਤਨੀ ਤੇ ਹਮਲਾ

ਲੰਡਨ—ਇਕ ਉਚ ਭਾਰਤੀ ਡਿਪਲੋਮੇਟ ਦੀ ਪਤਨੀ ਤੇ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਬ੍ਰਿਟਿਸ਼ ਸਰਕਾਰ ਵਲੋਂ ਭਾਰਤੀਆਂ ਦੀ ਪੂਰੀ ਰਖਿਆ ਦਾ ਬਚਨ ਕੀਤਿਆਂ ਹਾਲੇ 24 ਘੰਟੇ ਵੀ ਨਹੀਂ ਹੋਏ ਸਨ। ਇਸ ਤੋਂ ਪਹਿਲਾਂ ਸ੍ਰੀ ਆਰ. ਐਚ. ਮਾਤਰੇ ਨੂੰ ਅਗਵਾ ਕਰਕੇ ਮਾਰ ਦਿਤਾ ਗਿਆ ਸੀ।

ਸ੍ਰੀ ਐਸ. ਬੀ. ਸਿੰਘ ਦੀ ਸੁਪਤਨੀ ਤੇ ਦੋ ਨਕਾਬ ਪੋਸ਼ਾਂ ਨੇ ਹਮਲਾ ਕੀਤਾ ਸ੍ਰੀ ਸਿੰਘ 11 ਹੋਰ ਸੀਨੀਅਰ ਭਾਰਤੀ ਡਿਪਲੋਮੇਟਾਂ ਨਾਲ ਇਥੇ ਰਹਿੰਦੇ ਹਨ।

ਚਾਕੂ ਦੀ ਨੋਕ ਤੇ ਇਕ ਹਮਲਾਵਰ ਨੇ ਸ੍ਰੀ ਮਤੀ ਸਿੰਘ ਨੂੰ ਫੜੀ ਰੱਖਿਆ ਜਦ ਕਿ ਦੂਜੇ ਨੇ ਘਰ ਦੀ ਤਲਾਸ਼ੀ ਲੈ ਕੇ ਕੀਮਤੀ ਵਸਤੂਆਂ ਚੁਰਾ ਲਈਆਂ।

ਮਿਸਜ਼ ਸਿੰਘ ਨੂੰ ਟੈਲੀਫੋਨ ਤੇ ਮਾਰ ਦੇਣ ਦੀਆਂ ਧਮਕੀਆਂ ਵੀ ਦਿਤੀਆਂ ਗਈਆਂ ਅਤੇ ਨਸਲਵਾਦੀ ਕਬੋਲ ਵੀ ਬੋਲੇ ਗਏ ਸ੍ਰੀ ਸਿੰਘ ਨੇ ਤੁਰੰਤ ਪੁਲੀਸ ਨੂੰ ਰੀਪੋਰਟ ਕਰ ਦਿਤੀ ਸੀ।

★ ਇਕ ਮਨੁੱਖ ਆਪਣੀ ਸੁਨੱਖੀ ਗੁਆਂਢਣ ਨੂੰ ਸ਼ਿਕਾਇਤ ਕਰਨ ਗਿਆ.

"ਸ੍ਰੀਮਤੀ ਜੀ ਤੁਹਾਡੀ ਗਾਂ ਸਾਡੇ ਸਾਰੇ ਫੁੱਲ ਖਾ ਗਈ ਹੈ".

"ਸਾਡੇ ਤਾਂ ਗਾਂ ਹੈ ਹੀ ਨਹੀਂ" ਗਵਾਂਢਣ ਕਹਿਣ ਲਗੀ.

"ਸਾਡੇ ਘਰ ਕਿਹੜੇ ਫੁੱਲ ਹਨ. ਮੈਂ ਤਾਂ ਤੇਰੇ ਨਾਲ ਗੱਲ ਹੀ ਕਰਨ ਆਇਆ ਸੀ.

—ਮਾਰਕ ਟਵੇਨ

ਨਿਰੰਕਾਰੀ ਦਾ ਕਤਲ

ਮਾਨਸਾ—ਸ੍ਰੀ ਜਸਵੰਤ ਸਿੰਘ ਨਿਰੰਕਾਰੀ ਜਿਸ ਨੂੰ ਕਿ ਇਥੋਂ 25 ਕਿਲੋਮੀਟਰ ਦੂਰ ਬਰੇਟੇ ਵਿਚ ਉਸਦੀ ਦੁਕਾਨ ਤੇ ਦੋ ਸਿਖ ਨੌਜਵਾਨਾਂ ਨੇ ਗੋਲੀ ਮਾਰ ਦਿੱਤੀ ਸੀ ਰਾਜਿੰਦਰ ਹਸਪਤਾਲ ਪਟਿਆਲੇ ਵਿਚ ਚਲਾਣਾ ਕਰ ਗਿਆ ਹੈ। ਸ੍ਰੀ ਜਸਵੰਤ ਸਿੰਘ ਅਤਿਵਾਦੀਆਂ ਦੀ "ਹਿਟ ਲਿਸਟ" ਤੇ ਸੀ ਅਤੇ ਪੁਲੀਸ ਵਲੋਂ ਉਸਨੂੰ ਖਬਰਦਾਰ ਕਰ ਦਿੱਤਾ ਗਿਆ ਸੀ।

ਇਕ ਵਿਅਕਤੀ ਨੇ ਜਿਸ ਨੇ ਇਹ ਘਟਨਾ ਅਖੀਂ ਦੇਖੀ ਸੀ ਦਸਿਆ ਹੈ ਕਿ ਇਕ ਪੁਲੀਸ ਅਫਸਰ ਜੋ ਉਸ ਸਮੇਂ ਨੇੜੇ ਹੀ ਖਲੋਤਾ ਸੀ ਨੇ ਉਨ੍ਹਾਂ ਨੌਜਵਾਨਾਂ ਨੂੰ ਫੜਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਅਤੇ ਉਹ ਦੋਵੇਂ ਦੁਕਾਨ ਲਾਗੇ ਖਲੋਤੇ ਇਕ ਮੋਟਰ ਸਾਈਕਲ ਤੇ ਬੈਠ ਕੇ ਫਰਾਰ ਹੋ ਗਏ।

ਆਬਾਦੀ ਬਾਰੇ ਕਾਨਫਰੰਸ

ਨਵੀਂ ਦਿੱਲੀ—ਪਿਛਲੇ ਹਫਤੇ ਏਸ਼ੀਅਨ ਫੋਰਮ ਆਫ ਪਾਰਲੀਮੈਂਟਰੇਈਅਨਜ਼ ਵਲੋਂ ਆਬਾਦੀ ਅਤੇ ਵਿਕਾਸ ਦੀ ਪਹਿਲੀ ਕਾਨਫਰੰਸ ਏਥੇ ਹੋਈ। ਜਿਸ ਵਿਚ 25 ਮੁਲਕਾਂ ਦੇ ਪ੍ਰਤੀਨਿਧਾਂ ਨੇ ਭਾਗ ਲਿਆ।

ਕਾਨਫਰੰਸ ਦਾ ਉਦਘਾਟਨ ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਕੀਤਾ।

ਕਾਨਫਰੰਸ ਵਿਚ ਚੀਨ ਦੇ ਫੈਮਿਲੀ ਪਲਾਨਿੰਗ ਮੰਤਰੀ ਜ਼ਿਨਾਂਗ, ਜਾਪਾਨ ਦੇ ਸਾਬਕਾ ਪ੍ਰਧਾਨ ਮੰਤਰੀ ਟੋਕੋ ਫਾਕੂਡਾ ਅਤੇ ਪੱਛਮੀ ਜਰਮਨ ਦੇ ਸਾਬਕਾ ਚਾਂਸਲਰ ਡਾਕਟਰ ਹੈਲਮਿਟ ਸ਼ਮਿਟ ਸ਼ਾਮਲ ਹੋਏ।



ਆਰ. ਕੇ. ਫੂਡਜ਼ ਦੇ ਉਦਘਾਟਨ ਸਮੇਂ ਗਾਹਕਾਂ ਦੀ ਬੇਥਾਹ ਭੀੜ ਦਾ ਦ੍ਰਿਸ਼

ਪੰਜਾਬੀ ਲੇਖਕਾਂ ਦੀਆਂ ਮਿਲਣੀਆਂ

ਬਰਨਬੀ : ਪੰਜਾਬੀ ਲੇਖਕਾਂ ਦੀ ਇਕ ਮਿਲਣੀ 5 ਫਰਵਰੀ 84 ਆਥਣ ਨੂੰ ਏਥੇ I.W.A. ਹਾਲ ਵਿਚ ਹੋਈ ਜਿਸ ਵਿਚ ਗੁਰਚਰਨ ਰਾਮਪੁਰੀ, ਚਰਨ ਸਿੰਘ, ਅਜਮੇਰ ਰੋਡੇ ਅਤੇ ਮੱਖਣ ਟੁੱਟ ਨੇ ਆਪਣੀਆਂ ਕਵਿਤਾਵਾਂ ਸੁਣਾਈਆਂ ਜਿੰਨਾਂ ਉਤੇ ਭਰਪੂਰ ਪੜਚੋਲ ਹੋਈ ਅਤੇ ਲੇਖਕਾਂ ਨੇ ਦੋਸਤਾਨਾ ਸਾਹਿਤਕ ਸੁਝਾ ਦਿੱਤੇ। ਇਸ ਤੋਂ ਪਹਿਲਾਂ ਏਥੇ ਹੋਈਆਂ ਕੁਝ ਮਿਲਣੀਆਂ ਵਿਚ ਉਪਰਲੇ ਲੇਖਕਾਂ ਦੇ ਨਾਲ ਨਾਲ ਦਰਸ਼ਨ ਗਿੱਲ, ਸਾਧੂ, ਅਮਰਜੀਤ ਚਾਹਲ, ਸੁਰਜੀਤ ਕਲਸੀ, ਜਰਨੈਲ ਸਿੰਘ, ਗੁਰਚਰਨ ਟੱਲੇਵਾਲੀਆ, ਕੁਲਵੰਤ ਸਹੋਤਾ, ਸੁਖਵੰਤ ਹੁੰਦਲ, ਮੰਗਾ ਬਾਸੀ, ਨੇ ਆਪਣੀਆਂ ਕਵਿਤਾਵਾਂ ਕਹਾਣੀਆਂ, ਲੇਖ ਜਾਂ ਨਾਟਕ ਪੜੇ। ਇਨ੍ਹਾਂ ਸਾਹਿਤਕ ਮਿਲਣੀਆਂ ਵਿਚ ਸਮੇਂ ਸਮੇਂ ਸਰਵਣ ਬੋਲ, ਹਰੀ ਸ਼ਰਮਾ, ਮਹਿੰਦਰ ਸੂਮਲ ਵੀ ਸਮੇਂ ਸਮੇਂ ਸ਼ਾਮਲ ਹੋਏ।

ਇੱਕ ਉਚੇਚੀ ਮਿਲਣੀ ਉਘੇ ਪੰਜਾਬੀ ਲੇਖਕ ਸ੍ਰੀ ਐਸ. ਐਸ. ਅਮੋਲ ਦੇ ਮਾਣ ਵਿਚ ਕੀਤੀ ਗਈ, ਜਿਸ ਵਿਚ ਉਨ੍ਹਾਂ ਨੇ ਵਿਸਥਾਰ ਨਾਲ ਆਪਣੇ ਜੀਵਨ ਅਤੇ ਸਾਹਿਤਕ ਕੰਮ ਬਾਰੇ ਆਪਣੇ ਵਿਚਾਰ ਦੱਸੇ। ਗਿਆਨੀ ਕੇਸਰ ਸਿੰਘ ਹੋਰਾਂ ਨੇ 'ਅਮੋਲ' ਹੋਰਾਂ ਦੀ ਵਾਕਫੀ ਕਰਾਂਦਿਆਂ ਦੋਹਾਂ ਦੀ ਇਕ-ਉਮਰ-ਲੰਮੀ ਆਪਸੀ ਮਿਤ੍ਰਤਾ ਸਬੰਧੀ ਅਨੇਕਾਂ ਦਿਲਚਸਪ ਘਟਨਾਵਾਂ ਦਾ ਵਰਨਣ ਕੀਤਾ। ਇਸ ਸਮੇਂ ਅਮੋਲ ਹੋਰਾਂ ਦੇ ਸਪੁੱਤਰ ਮਦਨ ਗੋਪਾਲ ਸਿੰਘ ਵੀ ਇੰਗਲੈਂਡ ਤੋਂ ਉਨ੍ਹਾਂ ਨਾਲ ਆਏ ਹੋਏ ਸਨ ; ਉਨ੍ਹਾਂ ਨੇ ਆਪਣੇ ਪਿਤਾ ਸਬੰਧੀ ਕੁਝ ਨਿੱਜੀ ਯਾਦਾਂ, ਲੇਖਕਾਂ ਨਾਲ ਸਾਂਝੀਆਂ ਕੀਤੀਆਂ। ਲੇਖਕਾਂ ਦੀ ਅਗਲੀ ਵਿਸ਼ੇਸ਼ ਮਿਲਣੀ 25 ਫਰਵਰੀ 84, ਸਨਿਚਰਵਾਰ ਨੂੰ ਆਥਣ 7 ਵਜੇ ਸ੍ਰੀ ਅਜਮੇਰ ਰੋਡੇ ਦੇ ਘਰ 5346 CECIL St. ਵੈਨਕੂਵਰ ਵਿਖੇ ਹੋਵੇਗੀ, ਜਿਸ ਵਿਚ ਚਰਨ ਸਿੰਘ ਦੀ ਨਵੀਂ ਛਪੀ ਪੁਸਤਕ "ਮਿਟੀ ਵਿਚ ਉਕਰੇ ਅਖਰ" ਉਤੇ ਇਕ ਪੜਚੋਲ-ਲੇਖ ਅਜਮੇਰ ਰੋਡੇ ਪੜ੍ਹਨਗੇ।

ਅੱਗੋਂ ਵੀ ਸਥਾਨਕ ਲੇਖਕਾਂ ਦੀਆਂ ਨਵੀਆਂ ਛਪੀਆਂ ਪੁਸਤਕਾਂ ਉਤੇ ਇਸੇ ਤਰ੍ਹਾਂ ਦੇ ਲੇਖ ਲਿਖਣ ਅਤੇ ਮਿਲਣੀਆਂ ਵਿਚ ਵਿਚਾਰਨ ਬਾਰੇ ਫੈਸਲਾ ਲਿਆ ਗਿਆ ਹੈ ਤਾਂ ਕਿ ਨਵੀਆਂ ਰਚਨਾਵਾਂ ਉਤੇ ਲੋੜੀਂਦੀ ਚਰਚਾ ਹੋ ਸਕੇ।

★ ਸਵਾਮੀ ਵਿਵੇਕਾਨੰਦ ਤੋਂ ਕਿਸੇ ਜਪਾਨੀ ਨੇ ਪੁਛਿਆ, "ਭਾਰਤ ਵਿਚ ਗੀਤਾ, ਰਮਾਇਣ, ਵੇਦ-ਉਪਨਿਸ਼ਦ ਦੀ ਏਨੀ ਫਿਲਾਸਫੀ ਹੈ ਪਰ ਓਥੇ ਦੇ ਲੋਕ ਗੁਲਾਮ ਅਤੇ ਗਰੀਬ ਕਿਉਂ ਹਨ ?"

ਸਵਾਮੀ ਜੀ ਨੇ ਕਿਹਾ, "ਬੰਦੂਕ ਚੰਗੀ ਚੀਜ਼ ਹੈ ਪਰ ਜੇਕਰ ਉਸਨੂੰ ਚਲਾਉਣਾ ਨਾ ਆਉਂਦਾ ਹੋਵੇ ਤਾਂ ਸੈਨਕ ਨੂੰ ਉਸਦਾ ਕੀ ਲਾਭ. ਏਸੇ ਤਰ੍ਹਾਂ ਭਾਰਤ ਦੀ ਫਿਲਾਸਫੀ ਕਿਸ ਕੰਮ ਦੀ ਹੋਈ ਜੇਕਰ ਭਾਰਤੀ ਉਸ ਦੀ ਵਰਤੋਂ ਹੀ ਨਾ ਕਰਨ.

ਭ ਾ ਰ ਤ ਦ ਰ ਪ ਣ

ਇੰਦਰਾ ਗਾਂਧੀ ਮਾਸਕੋ ਵਿਚ ਆਂਦਰੋਪੋਵ ਦੀ ਮੌਤ ਤੇ ਤਿੰਨ ਦਿਨ ਦਾ ਸ਼ੋਕ

ਮਾਸਕੋ—ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਰੂਸ ਦੇ ਪ੍ਰਧਾਨ ਯੂਰੀ ਆਂਦਰੋਪੋਵ ਦੀ ਮੌਤ ਕਾਰਨ ਇਥੇ 13 ਫਰਵਰੀ ਨੂੰ ਪਹੁੰਚੇ। ਭਾਰਤੀ ਡੈਲੀਗੇਸ਼ਨ ਵਿਚ ਸ੍ਰੀਮਤੀ ਇੰਦਰਾ ਗਾਂਧੀ ਤੋਂ ਬਿਨਾਂ, ਬਦੇਸ਼ ਮੰਤਰੀ ਸ੍ਰੀ ਨਰਸਿਮਾਹ ਰਾਓ, ਸ੍ਰੀ ਜੀ. ਪਾਰਥਾਸਾਰਸੀ ਅਤੇ ਬਦੇਸ਼ ਸਕੱਤਰ ਮਹਾਰਾਜ ਕ੍ਰਿਸ਼ਨ ਰਸਗੋਤਰਾ ਵੀ ਸ਼ਾਮਲ ਹਨ।

ਸ੍ਰੀ ਆਂਦਰੋਪੋਵ ਦੀ ਮੌਤ ਰੂਸ ਵਿਚ 9 ਫਰਵਰੀ ਨੂੰ ਹੋਈ। ਖਬਰ ਮਿਲਦਿਆਂ ਹੀ ਭਾਰਤ ਵਿਚ ਸੋਗ ਵਿਚ ਝੰਡੇ ਨੀਵੇਂ ਕੀਤੇ ਗਏ। ਭਾਰਤ ਸਰਕਾਰ ਵਲੋਂ ਤਿੰਨ ਦਿਨ ਸ੍ਰੀ ਆਂਦਰੋਪੋਵ ਦੀ ਮੌਤ ਦਾ ਸੋਗ ਮਨਾਇਆ ਗਿਆ।

ਭਾਰਤ ਅਤੇ ਰੂਸ ਦੇ ਸਬੰਧ ਹਮੇਸ਼ਾ ਮਿੱਤਰਤਾ - ਭਰਪੂਰ ਰਹੇ ਹਨ। ਆਂਦਰੋਪੋਵ ਦੀ ਬੀਮਾਰੀ ਕਾਰਨ ਰੂਸ ਦੇ ਰੱਖਿਆ ਮੰਤਰੀ ਸ੍ਰੀ ਉਸਤੀਨੋਵ ਦਾ ਦੌਰਾ ਵੀ ਮੁਲਤਵੀ ਕਰ ਦਿਤਾ ਗਿਆ। ਸ੍ਰੀ ਉਸਤੀਨੋਵ ਨੇ 6 ਫਰਵਰੀ ਨੂੰ ਭਾਰਤ ਪਹੁੰਚਣਾ ਸੀ।

ਮੇਨਕਾ ਦਾ ਚੋਣ, ਹਥਿਆਰ

ਨਵੀਂ ਦਿੱਲੀ—ਲੋਕ ਸਭਾ ਦੀਆਂ ਚੋਣਾਂ ਦੌਰਾਨ ਸ੍ਰੀਮਤੀ ਮੇਨਕਾ ਗਾਂਧੀ ਕੋਲ ਪਰਚਾਰ ਦਾ ਸਭ ਤੋਂ ਵੱਡਾ ਹਥਿਆਰ ਵਰੁਣ ਜਾਪਦਾ। ਸ੍ਰੀਮਤੀ ਮੇਨਕਾ ਨੇ ਆਪਣੇ ਲੜਕੇ ਵਰੁਨ ਦੀ ਆਵਾਜ਼ ਵਿਚ ਟੇਪਾਂ ਭਰਵਾਈਆਂ ਹਨ। ਇਸ ਵਿਚ ਵਰੁਨ ਕਹਿੰਦਾ ਹੈ—'ਝਗੜਾ ਤਾਂ ਦਾਦੀ ਅਤੇ ਮੰਮੀ ਵਿਚਕਾਰ ਹੋਇਆ ਸੀ, ਮੈਨੂੰ ਦਾਦੀ ਨੇ ਘਰੋਂ ਕਿਉਂ ਕੱਢਿਆ ?"

ਦਸਿਆ ਜਾਂਦਾ ਹੈ ਕਿ ਦਸੰਬਰ ਵਿਚ ਹੋਈ ਉਤਰ ਪ੍ਰਦੇਸ਼ ਦੀ ਜਿਮਨੀ ਚੋਣ ਵਿਚ ਤਜਰਬੇ ਦੇ ਤੌਰ ਤੇ ਇਹ ਪਿੰਡ-ਪਿੰਡ ਵਿਚ ਸੁਣਾਈ ਗਈ ਅਤੇ ਨਤੀਜੇ ਵਜੋਂ ਉਸ ਸੀਟ ਤੇ ਸੰਜੇ ਮੰਚ ਦੀ ਜਿਤ ਹੋਈ।

ਸੁਖਦੇਵ ਦਾ ਪੁਲੀਸ ਰੀਮਾਂਡ

ਦਿੱਲੀ ਦੇ ਇਕ ਮੈਜਿਸਟਰੇਟ ਵਲੋਂ ਲੁਧਿਆਣਾ ਪੁਲੀਸ ਦੇ ਹਵਾਲੇ ਕੀਤੇ ਗਏ ਸੁਖਦੇਵ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਜਗਰਾਉਂ ਦੇ ਜੁਡੀਸ਼ਲ ਮੈਜਿਸਟਰੇਟ ਕੇ.ਕੇ.ਗਰਗ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।

ਐਸ.ਐਸ.ਪੀ. ਨੇ ਦਸਿਆ ਹੈ ਕਿ ਉਸ ਨੇ ਹੌਜ਼ਰੀ ਦੇ ਇਕ ਸਨਅਤਕਾਰ ਰਾਮ ਲਾਲ ਨਾਈਅਰ ਤੋਂ 22 ਅਕਤੂਬਰ ਨੂੰ ਬੰਦੂਕ ਦੀ ਨੋਕ ਉਤੇ ਉਸ ਦੀ ਕਾਰ ਖੋਹ ਲਈ ਸੀ। 24 ਅਕਤੂਬਰ ਜਗਰਾਉਂ ਪੈਟਰੋਲ ਪੰਪ ਉਤੇ ਡਾਕਾ ਮਾਰਿਆ ਤੇ ਫੇਰ 26 ਅਕਤੂਬਰ ਨੂੰ ਪੰਜਾਬ ਅਤੇ ਸਿੰਧ ਬੈਂਕ ਦੀ ਪੱਖੋਵਾਲ ਬਰਾਂਚ ਲੁੱਟੀ ਸੀ। ਉਸਦੇ ਨਾਲ ਅਤਿਵਾਦੀ ਗੁਰਸੇਵਕ ਸਿੰਘ ਤੇ ਸਵਰਨ ਸਿੰਘ ਵੀ ਸਨ ਜੋ ਹਾਲਾਂ ਵੀ ਫਰਾਰ ਹਨ। ਉਨ੍ਹਾਂ ਦੀ ਮਾਂ ਗੁਰਦਿਆਲ ਕੌਰ ਇਸ ਵੇਲੇ ਜਾਂਚ ਪੜਤਾਲ ਲਈ ਦਿੱਲੀ ਪੁਲੀਸ ਕੋਲ ਹੈ।

ਕਿਸੀ ਔਰ ਕੋ ਕਯਾ ਪੜੀ ਹੈ ਸ਼ਊਰ
ਭਲਾ ਕੌਨ ਮੇਰੇ ਸਿਵਾ ਮੁਝ ਮੇਂ ਹੈ



ਐਨ. ਡੀ. ਏ. ਇੰਕਾ ਵਿਰੁਧ ਰਾਸ਼ਟਰਪਤੀ ਨੂੰ ਚਾਰਜ ਸ਼ੀਟ ਦੇਵੇਗਾ

ਚੰਡੀਗੜ੍ਹ—ਕੌਮੀ ਜਮਹੂਰੀ ਮੁਹਾਜ਼ ਇੰਕਾ ਸਰਕਾਰ ਦੀਆਂ ਬੇਨੇਮੀਆਂ ਵਿਰੁਧ 6 ਮਾਰਚ ਨੂੰ ਰਾਸ਼ਟਰਪਤੀ ਨੂੰ ਚਾਰਜਸ਼ੀਟ ਪੇਸ਼ ਕਰੇਗਾ।

ਭਾਜਪਾ-ਲੋਕ ਦਲ ਗਠਜੋੜ ਆਰਥਕ, ਅਮਨ ਕਾਨੂੰਨ, ਰੁਜ਼ਗਾਰ ਤੇ ਕੁਰਪਸ਼ਨ ਖਾਤਕੇ ਦੇ ਮੁਹਾਜ਼ 'ਤੇ ਇੰਕਾ ਸਰਕਾਰ ਦੀਆਂ ਨਕਾਮੀਆਂ ਵਿਰੁਧ ਚਾਰਜਸ਼ੀਟ 13 ਤੋਂ 27 ਮਾਰਚ ਤਕ ਇੰਕਾ ਹਕੂਮਤ ਦੇ ਰਾਜਾਂ ਦੇ ਗਵਰਨਰਾਂ ਨੂੰ ਵੀ ਪੇਸ਼ ਕਰੇਗੀ।

ਭਾਜਪਾ ਦੇ ਸਕੱਤਰ ਕ੍ਰਿਸ਼ਨ ਲਾਲ ਸ਼ਰਮਾ ਨੇ ਇਥੇ ਪ੍ਰੈਸ ਕਾਨਫਰੰਸ ਵਿਚ ਦਸਿਆ ਕਿ ਦੋਹਾਂ ਪਾਰਟੀਆਂ ਦੇ ਐਮ. ਪੀ., ਐਮ. ਐਲ. ਏ. ਅਤੇ ਐਮ. ਐਲ. ਸੀ. 6 ਮਾਰਚ ਨੂੰ ਦਿੱਲੀ ਵਿਚ ਜੁੜਨਗੇ।

ਆਂਧਰਾ ਵਿਚ ਕੋਲਾ ਲੱਭਿਆ

ਨਵੀਂ ਦਿੱਲੀ—ਇਕ ਸੂਚਨਾ ਅਨੁਸਾਰ ਆਂਧਰਾ ਪ੍ਰਦੇਸ਼ ਦੀ ਗੋਦਾਵਰੀ ਵਾਦੀ ਵਿਚ ਭੋਪਾਲਪਾਲੀ ਦੇ ਨੇੜੇ ਕੋਲੇ ਦੇ ਭੰਡਾਰ ਲੱਭੇ ਗਏ ਹਨ।

ਭਾਰਤ ਸਰਕਾਰ ਦੀ ਸੂਚਨਾ ਅਨੁਸਾਰ 150 ਮਿਲੀਅਨ ਟਨ ਕੋਲੇ ਦੇ ਭੰਡਾਰ ਇਸ ਥਾਂ ਤੇ ਮਿਲੇ ਹਨ।

ਭਾਰਤ ਵਿਚ 1292 ਰੂਟਾਂ 'ਚ ਬਿਜਲਾਣੂ ਗੱਡੀਆਂ

ਨਵੀਂ ਦਿੱਲੀ — ਭਾਰਤ ਰੇਲਵੇ ਨੇ ਆਪਣੇ ਦੂਰ ਸੰਚਾਰ ਅਤੇ ਬਿਜਲੀ ਕਰਨ ਪ੍ਰਬੰਧ ਵਿਚ ਪੜਾਅ ਵਾਰ ਆਧੁਨਿਕੀਕਰਣ ਵਾਸਤੇ ਕਈ ਕਦਮ ਚੁਕੇ ਹਨ।

ਦੂਰ ਸੰਚਾਰ ਪ੍ਰਬੰਧ ਦੀ ਸਕੀਮ ਲਈ ਆਉਂਦੇ ਛੇ ਤੋਂ ਅੱਠ ਸਾਲਾਂ ਵਿਚ 300 ਕਰੋੜ ਰੁਪਏ ਖਰਚੇ ਜਾਣਗੇ।

ਛੇਵੀਂ ਪੰਜ ਸਾਲਾ ਯੋਜਨਾ ਦੇ ਆਉਂਦੇ ਦੋ ਸਾਲਾਂ ਦੌਰਾਨ 1292 ਰੂਟ ਕਿਲੋਮੀਟਰਾਂ ਦਾ ਬਿਜਲੀਕਰਨ ਕੀਤੇ ਜਾਣ ਦੀ ਸ਼ੰਭਾਵਨਾ ਹੈ ਅਤੇ ਇਸ ਯੋਜਨਾਂ ਦੇ ਪਹਿਲੇ ਤਿੰਨ ਸਾਲਾਂ ਵਿਚ 874 ਰੂਟ ਕਿਲੋਮੀਟਰਾਂ ਤੇ ਪਹਿਲਾਂ ਹੀ ਬਿਜਲੀਕਰਨ ਕੀਤਾ ਜਾ ਚੁੱਕਾ ਹੈ। ਚਾਲੂ ਮਾਲੀ ਸਾਲ ਵਿਚ 90.02 ਕਰੋੜ ਰੁਪਏ ਬਿਜਲੀ ਕਰਨ ਤੇ ਖਰਚੇ ਜਾਣਗੇ।

ਯੂ. ਪੀ. 'ਚ ਸਾਂਝਾ ਸੰਘਰਸ਼ ਛੇ ਵਿਰੋਧੀ ਪਾਰਟੀਆਂ ਦਾ ਫੈਸਲਾ

ਲਖਨਊ—ਉਤਰ ਪ੍ਰਦੇਸ਼ ਦੀਆਂ ਛੇ ਵਿਰੋਧੀ ਪਾਰਟੀਆਂ ਰਾਜ ਦੀ ਇੰਕਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁਧ 13 ਫਰਵਰੀ ਨੂੰ ਸਾਂਝਾ ਸੰਘਰਸ਼ ਸ਼ੁਰੂ ਕੀਤਾ ਹੈ। ਇਹ ਫੈਸਲਾ ਕਮਿਊਨਿਸਟ ਪਾਰਟੀ, ਡੀ. ਐਸ. ਪੀ. ਜਨਤਾ ਪਾਰਟੀ, ਮਾਰਕਸੀ ਪਾਰਟੀ, ਕਾਂਗਰਸ(ਜੇ) ਤੇ ਜਨਵਾਦੀ ਪਾਰਟੀ ਦੇ ਆਗੂਆਂ ਨੇ ਆਪਣੀ ਮੀਟਿੰਗ ਵਿਚ ਕੀਤਾ।

ਉਤਰ ਪ੍ਰਦੇਸ਼ ਡੀ. ਐਸ. ਪੀ. ਦੇ ਕਾਰਜਕਾਰੀ ਪ੍ਰਧਾਨ ਸ੍ਰੀ ਰਾਮ ਕਿਸ਼ਨ ਦਵੇਦੀ ਨੇ ਅਖਬਾਰੀ ਨੁਮਾਇੰਦਿਆਂ ਨੂੰ ਦਸਿਆ ਕਿ ਵਿਰੋਧੀ ਪਾਰਟੀਆਂ ਨੇ ਆਰਥਕ, ਰਾਜਨੀਤਕ ਤੇ ਸਮਾਜੀ ਮੁਹਾਜ਼ਾਂ ਉਤੋ ਸਿਰੀਪਰ ਮਿਸਰਾ ਸਰਕਾਰ ਦੀਆਂ ਅਸਫਲਤਾਵਾਂ ਉਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ ਅਤੇ ਇਸ ਹਾਲਤ ਵਿਚ ਉਹ ਸਮਝਦੀਆਂ ਹਨ ਕਿ ਸਾਂਝਾ ਸੰਘਰਸ਼ ਜ਼ਰੂਰੀ ਹੈ।"

ਸ੍ਰੀ ਦਵੇਦੀ ਨੇ ਦਸਿਆ ਕਿ ਵਿਰੋਧੀ ਆਗੂਆਂ ਨੇ ਕਲਕਤਾ ਕਨਕਲੇਵ ਦੇ ਫੈਸਲਿਆਂ ਨੂੰ ਜੀ ਆਇਆਂ ਕਿਹਾ ਹੈ ਤੇ ਇਸ ਗਲ ਬਾਰੇ ਸਹਿਮਤੀ ਪ੍ਰਗਟ ਕੀਤੀ ਹੈ ਕਿ ਆਪੋਜ਼ੀਸ਼ਨ ਨੂੰ ਨੀਤੀਆਂ ਤੇ ਪ੍ਰੋਗਰਾਮਾਂ ਦੇ ਆਧਾਰ ਉਤੇ ਸਾਂਝੇ ਪਲੇਟਫਾਰਮ ਉਤੇ ਲਿਆਉਣਾ ਉਹਨਾਂ ਦਾ ਫਰਜ਼ ਹੈ।

ਵਿਰੋਧੀ ਆਗੂਆਂ ਪ੍ਰਧਾਨ ਮੰਤਰੀ ਨੂੰ ਕਿਹਾ ਹੈ ਕਿ ਉਹ ਜੰਮੂ-ਕਸ਼ਮੀਰ ਵਿਚ ਚੁਣੀ ਹੋਈ ਫਾਰੂਕ ਅਬਦੁਲਾ ਸਰਕਾਰ ਨੂੰ ਉਲਟਾਉਣ ਦੀ ਖਤਰਨਾਕ ਖੇਡ ਰੋਕਣ ਕਿਉਂਕਿ ਇਹ ਖੇਡ ਦੇਸ਼ ਦੀ ਆਖੰਡਤਾ ਤੇ ਏਕਤਾ ਲਈ ਖਤਰਾ ਬਣ ਸਕਦੀ ਹੈ।

ਭਾਰਤੀ ਅਧਿਕਾਰੀ ਦੀ ਵੀਜ਼ੇ ਰੱਦ ਕਰਨ ਦੀ ਪਾਕ ਵਲੋਂ ਪੁਸ਼ਟੀ

ਰਾਵਲਪਿੰਡੀ—ਪਾਕਿਸਤਾਨ ਦੇ ਬਦੇਸ਼ ਦਫਤਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਲਾਹੌਰ ਵਿਚ ਰਹਿੰਦੇ ਦੋ ਭਾਰਤੀ ਏਅਰ ਲਾਈਨਜ਼ ਅਧਿਕਾਰੀਆਂ ਦੇ ਵੀਜ਼ੇ ਰੱਦ ਕਰ ਦਿਤੇ ਗਏ ਹਨ।

ਬਦੇਸ਼ ਦਫਤਰ ਦੇ ਇਕ ਤਰਜਮਾਨ ਨੇ ਦੋਸ਼ ਲਾਇਆ ਕਿ ਇਸ ਗੱਲ ਦੇ ਪੱਕੇ ਸਬੂਤ ਮਿਲੇ ਹਨ ਕਿ ਇਸਲਾਮਾਬਾਦ ਵਿਚ ਇਕ ਭਾਰਤੀ ਡਿਪਲੋਮੇਟ ਦੇ ਘਰੇਲੂ ਨੌਕਰ ਦਸੇ ਜਾਂਦੇ ਦੋ ਭਾਰਤੀ ਨਾਗਰਿਕਾਂ ਨੂੰ ਗੈਰ ਕਾਨੂੰਨੀ ਅਤੇ ਗੁਪਤ ਤੌਰ ਤੇ ਹਿੰਦ ਭੇਜਣ ਪਿਛੇ ਇਹਨਾਂ ਦੋਹਾਂ ਅਧਿਕਾਰੀਆਂ ਦਾ ਹੱਥ ਸੀ। ਉਸ ਨੇ ਕਿਹਾ ਕਿ ਪਾਕਿਸਤਾਨ ਦੇ ਕਾਨੂੰਨਾਂ ਦੀ ਅਜਿਹੀ ਉਲੰਘਣਾ ਪ੍ਰਵਾਨ ਨਹੀਂ ਕੀਤੀ ਜਾ ਸਕਦੀ।


ਭਾਰਤ ਸਰਕਾਰ ਨੇ ਪਾਕਿਸਤਾਨੀ ਹਕੂਮਤ ਦੀ ਇਸ ਕਾਰਵਾਈ ਵਿਰੁਧ ਜ਼ੋਰਦਾਰ ਰੋਸ ਪ੍ਰਗਟ ਕੀਤਾ ਸੀ ਅਤੇ ਕਿਹਾ ਸੀ ਕਿ ਇਸ ਨਾਲ ਦੋਹਾਂ ਵਿਚਕਾਰ ਸਬੰਧ ਸਧਾਰਨ ਦੇ ਜਤਨਾਂ ਤੇ ਮਾੜਾ ਅਸਰ ਪਏਗਾ।


ਲੋਇਲ ਫਰਨੀਚਰ ਲਿ: 'ਤੇ

ਧੂਮ ਧਾਮ ਨਾਲ ਚੱਲ ਰਹੀ ਹੈ


ਫਰਵਰੀ ਫਰਨੀਚਰ ਸੇਲ

ਫਰਨੀਚਰ ਦੀਆਂ ਕੀਮਤਾਂ ਏਨੀਆਂ ਘੱਟ ਕਿ ਦੇਖੇ ਬਿਨਾਂ ਯਕੀਨ ਨਹੀਂ ਆਵੇਗਾ





Sale Ends Feb. 29th





ਵਧੀਆ ਫਰਨੀਚਰ - ਘੱਟ ਕੀਮਤਾਂ ਤੇ ਬੇਹਤਰ ਸਰਵਿਸ ਲਈ ਮਸ਼ਹੂਰ

ਲੋਇਲ ਫਰਨੀਚਰ

ਕਮਿਊਨਿਟੀ ਦਾ ਆਪਣਾ, ਸਭ ਤੋਂ ਪੁਰਾਣਾ ਤੇ ਭਰੋਸੇਯੋਗ ਫਰਨੀਚਰ ਸਟੋਰ

ਲੋਇਲ ਫਰਨੀਚਰ

LF

LOYAL FURNITURE LTD

Ph.: 879-8319 2707 Main St., Vancouver, B.C. Ph.: 879-4813

ਭਾ: ਤਲਵਿੰਦਰ ਸਿੰਘ ਦੇ ਕੇਸ ਦੀ ਪੈਰਵੀ ਲਈ ਅਪੀਲ

ੴ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਅਕਾਲ ਤਖਤ ਸਾਹਿਬ

ਨੰ:........../ ਸ੍ਰੀ ਅੰਮ੍ਰਿਤਸਰ 1-2-84

ਭਾਈ ਸਾਹਿਬ ਭਾਈ ਤਲਵਿੰਦਰ ਸਿੰਘ ਜੀ ਪੁਰ ਭਾਰਤ ਸਰਕਾਰ ਨੇ ਝੂਠੇ ਕੇਸ ਬਣਾਏ ਅਤੇ ਭਾਈ ਸਾਹਿਬ ਨੂੰ ਵੈਸਟ ਜਰਮਨ ਸਰਕਾਰ ਨੇ 28 ਜੂਨ 1983 ਨੂੰ ਗ੍ਰਿਫਤਾਰ ਕੀਤਾ। ਭਾਈ ਸਾਹਿਬ ਕੈਨੇਡਾ ਦੇ ਸ਼ਹਿਰੀ ਹਨ। ਸਿੱਖ ਧਰਮ ਤੇ ਸਿੱਖ ਪੰਥ ਦਾ ਪ੍ਰਚਾਰ ਕਰਦੇ ਹਨ। ਥਾਂ ਥਾਂ ਅੰਮ੍ਰਿਤ ਛਕਾਉਣ ਦੀ ਸੇਵਾ ਕਰ ਰਹੇ ਸਨ। ਭਾਰਤ ਸਰਕਾਰ ਝੂਠੇ ਪੁਲੀਸ ਮੁਕਾਬਲੇ ਬਣਾਕੇ ਅੰਮ੍ਰਿਤਧਾਰੀ ਸਿੰਘਾਂ ਨੂੰ ਸ਼ਹੀਦ ਕਰ ਰਹੀ ਹੈ। ਅਰ ਸਰਕਾਰ ਭਾਈ ਸਾਹਿਬ ਨੂੰ ਭੀ ਸ਼ਹੀਦ ਕਰਨਾ ਚਾਹੁੰਦੀ ਹੈ।

ਕੈਨੇਡਾ, ਯੂ. ਕੇ., ਅਮਰੀਕਾ ਤੇ ਵੈਸਟ ਜਰਮਨ ਵਿਚ ਵੱਸਦੇ ਸਿੰਘਾਂ ਨੂੰ ਪੁਰ ਜ਼ੋਰ ਅਪੀਲ ਕਰਦਾ ਹਾਂ ਕਿ ਉਹ ਭਾਈ ਸਾਹਿਬ ਭਾਈ ਤਲਵਿੰਦਰ ਸਿੰਘ ਜੀ ਦੇ ਕੇਸ ਦੀ ਪੂਰੀ ਪੂਰੀ ਪੈਰਵੀਂ ਕਰਨ ਅਤੇ ਵੈਸਟ ਜਰਮਨ ਸਰਕਾਰ ਤੇ ਦਬਾਅ ਪਾ ਕੇ ਇੰਨ੍ਹਾਂ ਨੂੰ ਰਿਹਾ ਕਰਾਕੇ ਵਾਪਸ ਕੈਨੇਡਾ ਭਿਜਵਾਉਣ ਤਾਂ ਜੋ ਭਾਈ ਸਾਹਿਬ ਪਹਿਲੇ ਵਾਂਗ ਹੀ ਸਿੱਖ ਪੰਥ ਤੇ ਅੰਮ੍ਰਿਤ ਛਕਾਉਣ ਦੀ ਸੇਵਾ ਕਰ ਸਕਣ।

ਗੁਰੂ ਪੰਥ ਦਾ ਦਾਸ,
ਦਸਤਖਤ ....
(ਕਿਰਪਾਲ ਸਿੰਘ)
ਜਥੇਦਾਰ,
ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਅੰਮ੍ਰਿਤਸਰ।

ਦਮਦਮੀ ਟਕਸਾਲ(ਜਥਾ ਭਿੰਡਰਾਂ-ਮਹਿਤਾ

ਸਤਿਕਾਰਯੋਗ ਅਮਰੀਕਾ ਤੇ ਇੰਗਲੈਂਡ ਨਿਵਾਸੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ ॥

ਆਪ ਸਭ ਸੰਗਤਾਂ ਭਲੀ ਭਾਂਤ ਜਾਣਦੇ ਹੋ ਕੇ ਭਾਈ ਤਲਵਿੰਦਰ ਸਿੰਘ ਜੀ ਜਿੰਨ੍ਹਾਂ ਨੂੰ ਪੱਛਮੀ ਜਰਮਨੀ ਦੀ ਸਰਕਾਰ ਨੇ ਗ੍ਰਿਫਤਾਰ ਕੀਤਾ ਹੈ ਉਹਨਾਂ ਦੀਆਂ ਮਹਾਨ ਪੰਥਕ ਸੇਵਾਵਾਂ ਹਨ। ਸਿੱਖ ਕੌਮ ਦੀ ਸੇਵਾ ਲਈ ਇਸ ਸੂਰਬੀਰ ਨੇ ਨਾ ਕੇਵਲ ਆਪਣਾ ਜੀਵਨ ਹੀ ਸਗੋਂ ਘਰ ਬਾਰ ਉਜਾੜਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਸਿੱਖ ਪ੍ਰੰਪਰਾਵਾਂ ਨੂੰ ਕਾਇਮ ਰੱਖਣ ਦਾ ਯਤਨ ਕੀਤਾ ਹੈ। ਇਹੋ ਕਾਰਨ ਹੈ ਕਿ ਭਾਰਤ ਸਰਕਾਰ ਦੀ ਕੋਝੀ ਸਾਜ਼ਸ਼ ਕਾਰਨ ਪੱਛਮੀ ਜਰਮਨੀ ਵਿਚ ਉਹਨਾਂ ਨੂੰ ਗ੍ਰਿਫਤਾਰ ਕਰਨ ਉਪਰੰਤ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਗਈਆਂ ਹਨ। ਉਹਨਾਂ ਦਾ ਕਸੂਰ ਕੇਵਲ ਇਹ ਹੈ ਕਿ ਉਹ ਸਿੱਖ ਹੱਕਾਂ ਲਈ ਪਹਿਰੇਦਾਰ ਬਣਕੇ ਜਿਉਣਾ ਚਾਹੁੰਦੇ ਹਨ। ਇਸੇ ਕਰਕੇ ਹੀ ਭਾਰਤ ਦੀ ਹਿੰਦੂ ਸਾਮਰਾਜੀ ਸਰਕਾਰ ਅਜਿਹੇ ਕੁਰਬਾਨੀ ਵਾਲੇ ਸਿੰਘਾਂ ਨੂੰ ਹਿੰਦੁਸਤਾਨ ਵਾਪਸ ਲਿਆ ਕੇ ਤਸ਼ੱਦਦ ਤੇ ਜ਼ੁਲਮ ਕਰਨਾ ਚਾਹੁੰਦੀ ਹੈ। ਇਸ ਵਾਸਤੇ ਸਮੂੰਹ ਸੰਗਤਾਂ ਨੂੰ ਪੁਰ ਜ਼ੋਰ ਬੇਨਤੀ ਹੈ ਕਿ ਆਪਣੇ ਫਰਜ਼ ਨੂੰ ਪਛਾਣਦੇ ਹੋਏ ਇਸ ਹੋ ਰਹੇ ਜ਼ੁਲਮ ਨੂੰ ਰੋਕਣ ਲਈ ਤੱਤਪਰ ਹੋਵੋ। ਭਾਈ ਤਲਵਿੰਦਰ ਸਿੰਘ ਦੀ ਕੈਨੇਡਾ ਵਾਪਸੀ ਲਈ ਰੋਸ ਮੁਜ਼ਾਹਰੇ ਕਰੋ, ਜਲੂਸ ਕੱਢੋ ਅਤੇ ਵੱਧ ਤੋਂ ਵੱਧ ਮੁਲਾਕਾਤਾਂ ਕਰੋ ਅਤੇ ਇਸ ਕੌਮੀ ਸੇਵਾ ਦੇ ਯੱਗ ਵਿਚ ਹਿਸਾ ਪਾਵੋ। ਦਾਸ ਦੀ ਤਾਂ ਇਹੋ ਅਰਦਾਸ ਹੈ ਕਿ ਸਤਿਦੂਸਤਾਨੀ . ਸਤਿਗੁਰੂ ਜੀ ਸਰਬੱਤ ਖਾਲਸੇ ਨੂੰ ਕੇਸਰੀ ਨਿਸ਼ਾਨ ਸਾਹਿਬ ਦੀ ਤਾਬਿਆ ਏਕਤਾ ਅਤੇ ਪੰਥ ਲਈ ਹਰ ਕੁਰਬਾਨੀ ਕਰਨ ਦਾ ਬਲ ਬਖਸ਼ਣ। ਸਰਬੱਤ ਇੰਗਲੈਂਡ ਤੇ ਅਮਰੀਕਾ ਨਿਵਾਸੀ ਸੰਗਤ ਨੂੰ ਨਿਮਰਤਾ ਸਹਿਤ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥ ਪ੍ਰਵਾਨ ਹੋਵੇ।

ਗੁਰੂ ਪੰਥ ਦਾ ਦਾਸ
ਦਸਤਖਤ...
ਜਰਨੈਲ ਸਿੰਘ 'ਖਾਲਸਾ'

ਭਾਰਤ ਸਰਕਾਰ ਨੇ ਤਲਵਿੰਦਰ ਸਿੰਘ ਤੇ ਹੋਰ ਕੇਸ ਪਾ ਦਿਤੇ

ਵੈਨਕੂਵਰ—ਸ: ਸੁਰਜਨ ਸਿੰਘ ਦੀ ਸੂਚਨਾ ਅਨੁਸਾਰ 31 ਜਨਵਰੀ ਨੂੰ ਭਾਈ ਤਲਵਿੰਦਰ ਸਿੰਘ ਦੇ ਕੇਸ ਦੀ ਤਾਰੀਖ ਸੀ। ਭਾਈ ਤਲਵਿੰਦਰ ਸਿੰਘ ਜੋ ਕੈਨੇਡਾ ਦੇ ਸ਼ਹਿਰੀ ਹਨ, ਉਨ੍ਹਾਂ ਉਤੇ ਭਾਰਤ ਸਰਕਾਰ ਨੇ ਦਹੇੜੂ ਕਤਲ ਕਾਂਡ ਵਿਚ ਸ਼ਾਮਲ ਹੋਣ ਦਾ ਦੋਸ਼ ਲਾਇਆ ਸੀ। ਪਰ ਸੂਚਨਾ ਅਨੁਸਾਰ ਭਾਰਤ ਸਰਕਾਰ ਆਪਣਾ ਕੇਸ ਜਰਮਨ ਜੱਜ ਸਾਹਮਣੇ ਸਾਬਤ ਕਰਨ ਤੋਂ ਅਸਮਰੱਥ ਰਹੀ ਹੈ।

ਸ: ਸੁਰਜਨ ਸਿੰਘ ਨੇ ਦੱਸਿਆ ਕਿ ਦਹੇੜੂ ਕਤਲ ਕਾਂਡ ਵਿਚ ਭਾਈ ਸਾਹਿਬ ਬਿਲਕੁਲ ਸ਼ਾਮਲ ਨਹੀਂ ਸਨ। ਸਗੋਂ ਕਤਲ ਕਾਂਡ ਦੇ ਵਾਪਰਨ ਸਮੇਂ ਉਹ ਭਾਰਤ ਵਿਚ ਹੀ ਨਹੀਂ ਸਨ। ਇਸ ਲਈ ਸਰਕਾਰ ਲਈ ਕੇਸ ਨੂੰ ਸਾਬਤ ਹੀ ਨਹੀਂ ਕੀਤਾ ਜਾ ਸਕਦਾ ਸੀ।

ਸੂਚਨਾ ਅਨੁਸਾਰ ਭਾਈ ਤਲਵਿੰਦਰ ਸਿੰਘ ਉਤੇ ਹੁਣ ਭਾਰਤ ਸਰਕਾਰ ਹੋਰ ਕੇਸ ਪਾ ਰਹੀ ਹੈ ਤਾਂ ਕਿ ਕਿਸੇ ਨਾ ਕਿਸੇ ਕੇਸ ਵਿਚ ਫਸਾ ਕੇ ਉਨ੍ਹਾਂ ਨੂੰ ਇਕ ਵਾਰ ਭਾਰਤ ਲਿਜਾਇਆ ਜਾ ਸਕੇ। ਸ: ਸੁਰਜਨ ਸਿੰਘ ਨੇ ਦੱਸਿਆ ਕਿ ਭਾਈ ਸਾਹਿਬ ਉਪਰ ਝੂਠੇ ਕੇਸ ਬਣਾਏ ਜਾ ਰਹੇ ਹਨ। ਇਥੋਂ ਤੱਕ ਕਿ ਭਾਈ ਸਾਹਿਬ ਦੇ ਵਕੀਲਾਂ ਨੂੰ ਅਜੇ ਤੱਕ ਡਿਫੈਂਸ ਲਈ ਕਾਗਜ਼ ਪੱਤਰ ਵੀ ਨਹੀਂ ਦਿਤੇ ਗਏ ਜਿਨ੍ਹਾਂ ਦੇ ਆਧਾਰ ਤੇ ਉਹ ਡੀਫੈਂਸ ਤਿਆਰ ਕਰ ਸਕਣ।

ਸ: ਸੁਰਜਨ ਸਿੰਘ ਨੇ ਇਸ ਸਥਿਤੀ ਬਾਰੇ ਅੰਮ੍ਰਿਤਸਰ ਵਿਚ ਪੰਥਕ ਨੇਤਾਵਾਂ ਨੂੰ ਸੂਚਿਤ ਕੀਤਾ ਤੇ ਉਨ੍ਹਾਂ ਨੇ ਅਪੀਲਾਂ ਕੀਤੀਆਂ ਹਨ ਕਿ ਭਾਈ ਤਲਵਿੰਦਰ ਸਿੰਘ ਦੇ ਕੇਸ ਦੀ ਪੈਰਵੀ ਕੀਤੀ ਜਾਵੇ ਕਿਉਂਕਿ ਉਨ੍ਹਾਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਭਾਰਤ ਸਰਕਾਰ ਭਾਰਤ ਲਿਜਾਣਾ ਚਾਹੁੰਦੀ ਹੈ।

ਸ. ਸੁਰਜਨ ਸਿੰਘ ਨੇ ਕਿਹਾ ਕਿ ਉਹ ਭਾਈ ਤਲਵਿੰਦਰ ਸਿੰਘ ਦੀ ਮੱਦਦ ਇਸ ਲਈ ਕਰ ਰਹੇ ਹਨ ਕਿਉਂਕਿ ਉਹ ਇਕ ਗੁਰਸਿੱਖ ਹੈ ਅਤੇ ਉਸ ਨਾਲ ਜ਼ੁਲਮ ਹੋ ਰਿਹਾ ਹੈ।

ਦਫਤਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

28 ਜੂਨ, 1983 ਨੂੰ ਵੈਸਟ ਜਰਮਨ ਸਰਕਾਰ ਨੇ ਭਾਈ ਸਾਹਿਬ ਭਾਈ ਤਲਵਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ, ਭਾਈ ਸਾਹਿਬ ਸਿੱਖ ਧਰਮ ਤੇ ਸਿੱਖ ਪੰਥ ਦਾ ਥਾਂ ਥਾਂ ਪ੍ਰਚਾਰ ਕਰ ਰਹੇ ਹਨ ਅਰ ਥਾਂ ਥਾਂ ਅੰਮ੍ਰਿਤ ਪ੍ਰਚਾਰ ਕੀਤੇ। ਭਾਰਤ ਸਰਕਾਰ ਅੰਮ੍ਰਿਤ ਧਾਰੀ ਸਿੰਘਾਂ ਨੂੰ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਸ਼ਹੀਦ ਕਰ ਰਹੀ ਹੈ। ਸ਼੍ਰੋਮਣੀ ਗੁ: ਪ੍ਰੰ: ਕਮੇਟੀ ਨੂੰ ਡਰ ਹੈ ਕਿ ਸਰਕਾਰ ਭਾਈ ਸਾਹਿਬ ਨੂੰ ਭੀ ਸ਼ਹੀਦ ਕਰਨਾ ਚਾਹੁੰਦੀ ਹੈ। ਭਾਈ ਤਲਵਿੰਦਰ ਸਿੰਘ ਜੀ ਕੈਨੇਡਾ ਦੇ ਸ਼ਹਿਰੀ ਹਨ। ਸ਼੍ਰੋਮਣੀ ਗੁ: ਪ੍ਰੰ: ਕਮੇਟੀ ਵਲੋਂ ਮੈਂ ਸਮੂੰਹ ਕੈਨੇਡਾ, ਸਮੂੰਹ ਯੂ. ਐਸ. ਏ., ਤੇ ਵੈਸਟ ਜਰਮਨ ਨਿਵਾਸੀ ਸੰਗਤਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਭਾਈ ਸਾਹਿਬ ਦਾ ਕੇਸ ਪੂਰੀ ਤਨਦੇਹੀ ਨਾਲ ਲੜਨ ਅਤੇ ਭਾਈ ਸਾਹਿਬ ਨੂੰ ਜਰਮਨ ਸਰਕਾਰ ਤੋਂ ਰਿਹਾ ਕਰਵਾਕੇ ਵਾਪਸ ਕੈਨੇਡਾ ਭਿਜਵਾਉਣ।

ਗੁਰੂ ਪੰਥ ਦਾ ਦਾਸ,
ਦਸਤਖਤ ....
(ਭਾਨ ਸਿੰਘ)
ਸਕੱਤਰ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

ਹਰਚੰਦ ਸਿੰਘ(ਸੰਤ) ਲੌਂਗੋਵਾਲ

ਪਰਧਾਨ,
ਸ਼੍ਰੋਮਣੀ ਅਕਾਲੀ ਦਲ
ਸ੍ਰੀ ਅੰਮ੍ਰਿਤਸਰ।
ਫਰਵਰੀ 1, 1984

28 ਜੂਨ, 1983 ਨੂੰ ਵੈਸਟ ਜਰਮਨ ਸਰਕਾਰ ਨੇ ਭਾਈ ਸਾਹਿਬ ਭਾਈ ਤਲਵਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ, ਭਾਈ ਸਾਹਿਬ ਸਿੱਖ ਧਰਮ ਤੇ ਸਿੱਖ ਪੰਥ ਦਾ ਥਾਂ ਥਾਂ ਪ੍ਰਚਾਰ ਕਰ ਰਹੇ ਸਨ ਅਰ ਥਾਂ ਥਾਂ ਅੰਮ੍ਰਿਤ ਪਰਚਾਰ ਕੀਤੇ। ਭਾਰਤ ਸਰਕਾਰ ਅੰਮ੍ਰਿਤਧਾਰੀ ਸਿੰਘਾਂ ਨੂੰ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਸ਼ਹੀਦ ਕਰ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਡਰ ਹੈ ਕਿ ਸਰਕਾਰ ਭਾਈ ਸਾਹਿਬ ਨੂੰ ਭੀ ਸ਼ਹੀਦ ਕਰਨਾ ਚਾਹੁੰਦੀ ਹੈ। ਭਾਈ ਤਲਵਿੰਦਰ ਸਿੰਘ ਜੀ ਕੈਨੇਡਾ ਦੇ ਸ਼ਹਿਰੀ ਹਨ। ਸ਼੍ਰੋਮਣੀ ਅਕਾਲੀ ਦਲ ਵਲੋਂ ਮੈਂ ਸਮੂੰਹ ਕੈਨੇਡਾ, ਸਮੂੰਹ ਯੂ. ਐਸ. ਏ., ਤੇ ਵੈਸਟ ਜਰਮਨ ਨਿਵਾਸੀ ਸੰਗਤਾਂ ਨੂੰ ਅਪੀਲ ਕਰਦਾ ਹਾਂ ਕਿ ਉਹ ਭਾਈ ਸਾਹਿਬ ਦਾ ਕੇਸ ਪੂਰੀ ਤਨਦੇਹੀ ਨਾਲ ਲੜਨ ਅਤੇ ਭਾਈ ਸਾਹਿਬ ਨੂੰ ਜਰਮਨ ਸਰਕਾਰ ਤੋਂ ਰਿਹਾ ਕਰਵਾ ਕੇ ਵਾਪਸ ਕੈਨੇਡਾ ਭਿਜਵਾਉਣ।

ਗੁਰੂ ਪੰਥ ਦਾ ਦਾਸ,
ਦਸਤਖਤ ....
(ਹਰਚੰਦ ਸਿੰਘ ਸੰਤ ਲੌਂਗੋਵਾਲ)
ਪ੍ਰਧਾਨ,
ਸ਼੍ਰੋਮਣੀ ਅਕਾਲੀ ਦਲ, ਸ੍ਰੀ ਅੰਮ੍ਰਿਤਸਰ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ

ਹੈੱਡ ਆਫਿਸ : ਸ੍ਰੀ ਅੰਮ੍ਰਿਤਸਰ

No......... Dated 1-2-1984

ਸਤਿਕਾਰਯੋਗ ਕੈਨੇਡਾ ਨਿਵਾਸੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ ॥

ਨਿਮਰਤਾ ਸਹਿਤ ਬੇਨਤੀ ਹੈ ਕਿ ਸਰਬੱਤ ਸਾਧ ਸੰਗਤ ਇਸ ਗੱਲ ਤੋਂ ਭਲੀਭਾਂਤ ਵਾਕਿਫ ਹੈ ਕਿ ਭਾਈ ਤਲਵਿੰਦਰ ਸਿੰਘ ਜੀ ਪੰਥਕ ਜਜ਼ਬੇ ਵਾਲੇ ਚੜ੍ਹਦੀ ਕਲਾ ਵਾਲੇ ਸਿੰਘ ਹਨ। ਉਹ ਪੰਥਕ ਸੋਚ ਤੇ ਪਹਿਰਾ ਦੇਣ ਦਾ ਪਰਚਾਰ ਕਰਨ ਵਾਲੇ ਗੁਰਸਿੱਖ ਹਨ। ਪ੍ਰੰਤੂ ਭਾਰਤ ਦੀ ਸਿੱਖ ਵਿਰੋਧੀ ਸਰਕਾਰ ਉਹਨਾਂ ਨੂੰ ਝੂਠੇ ਕੇਸਾਂ ਵਿਚ ਫਸਾਉਣ ਲਈ ਜਰਮਨ ਸਰਕਾਰ ਦੇ ਦਬਾਅ ਪਾ ਰਹੀ ਹੈ। ਜਿਥੇ ਕਿ ਉਹ ਪਹਿਲਾਂ ਹੀ ਭਾਰਤ ਸਰਕਾਰ ਦੀ ਸ਼ਹਿ ਤੇ ਗ੍ਰਿਫਤਾਰ ਕੀਤੇ ਹੋਏ ਹਨ। ਸਰਬੱਤ ਸੰਗਤ ਦਾ ਇਹ ਇਸ ਬਿਖੜੇ ਸਮੇਂ ਅਹਿਮ ਫਰਜ਼ ਹੈ ਕਿ ਭਾਈ ਤਲਵਿੰਦਰ ਸਿੰਘ ਜੀ ਦੀ ਰਿਹਾਈ ਲਈ ਯਤਨ ਕਰੇ। ਦੀਵਾਨ ਅਤੇ ਰੋਸ ਜਲੂਸ ਆਯੋਜਿਤ ਹੋਣੇ ਚਾਹੀਦੇ ਹਨ ਤੇ ਕੈਨੇਡਾ ਸਰਕਾਰ ਤੇ ਭਾਈ ਸਾਹਿਬ ਦੀ ਕੈਨੇਡਾ ਵਾਪਸੀ ਲਈ ਸਮੂਹਿਕ ਤੌਰ ਤੇ ਦਬਾਅ ਪਾਉਣਾ ਚਾਹੀਦਾ ਹੈ। ਗੁਰੂ ਜੀ ਦੀ ਸੰਗਤ ਵਿਚ ਅਥਾਹ ਸ਼ਕਤੀ ਹੈ ਇਸ ਲਈ ਸਮੂੰਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਭਾਈ ਸਾਹਿਬ ਦੀਆਂ ਮੁਲਾਕਾਤਾਂ ਪਾ ਕੇ ਤੇ ਉਹਨਾਂ ਦੀ ਬਿਨਾਂ ਸ਼ਰਤ ਰਿਹਾਈ ਲਈ ਯਤਨ ਕਰਕੇ ਚਲ ਰਹੇ ਪੰਥਕ ਸੰਘਰਸ਼ ਵਿਚ ਹਿਸਾ ਪਾਓ ਜੀ। ਸਮੂਹ ਸੰਗਤ ਨੂੰ ਗੁਰ ਫਤਹਿ ॥

ਸੰਗਤਾਂ ਦਾ ਦਾਸ,
ਅਮਰੀਕ ਸਿੰਘ
ਮੁੱਖ ਸੇਵਾਦਾਰ
ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਸ੍ਰੀ ਅੰਮ੍ਰਿਤਸਰ

ਰਾੜਾ ਸਾਹਿਬ ਕਾਂਡ ਦੀ ਜਾਂਚ ਲਈ ਸੀ. ਬੀ. ਆਈ. ਦੀ ਟੀਮ ਆਏਗੀ

ਲੁਧਿਆਣਾ—ਬਹੁਚਰਚਿਤ ਰਾੜਾ ਸਾਹਿਬ ਕਾਂਡ ਦੀ ਜਾਂਚ ਦਾ ਕੰਮ ਕੇਂਦਰੀ ਜਾਂਚ ਬਿਊਰੋ ਦੇ ਹਵਾਲੇ ਕਰ ਦਿਤਾ ਗਿਆ ਹੈ ਅਤੇ ਭਰੋਸੈਯੋਗ ਸੂਤਰਾਂ ਅਨੁਸਾਰ ਬਿਊਰੋ ਦੀ ਇਕ ਟੀਮ ਜਿਸ ਦੀ ਅਗਵਾਈ ਡੀ. ਆਈ. ਜੀ. ਰੈਂਕ ਦਾ ਇਕ ਅਧਿਕਾਰੀ ਕਰੇਗਾ। ਜਾਂਚ ਦਾ ਕੰਮ ਸ਼ੁਰੂ ਕਰਨ ਲਈ ਅਗਲੇ ਹਫਤੇ ਇਥੇ ਪੁੱਜ ਰਹੀ ਹੈ।

ਇਸ ਘਟਨਾ ਵਿਚ ਪੁਲੀਸ ਨੇ ਪਹਿਲਾਂ ਦਾਵਾ ਕੀਤਾ ਸੀ ਕਿ ਚਾਰ ਨੌਜਵਾਨ, ਰਾਜ ਅਨਮੋਲ ਸਿੰਘ, ਨਿਰਮਲ ਸਿੰਘ, ਦਲੀਪ ਸਿੰਘ ਅਤੇ ਗੁਰਤੇਜ ਸਿੰਘ ਰਾੜਾ ਸਾਹਿਬ ਨੇੜੇ ਪੁਲੀਸ ਮੁਕਾਬਲੇ ਵਿਚ ਮਾਰੇ ਗਏ ਹਨ। ਮ੍ਰਿਤਕਾਂ ਪਾਸੋਂ ਇਸ ਜ਼ਿਲੇ ਵਿਚ ਕਟਾਣੀ ਕਲਾਂ ਵਿਖੇ ਇੰਡੀਅਨ ਓਵਰਸੀਜ਼ ਬੈਂਕ ਦੀ ਬਰਾਂਚ ਤੋਂ 7 ਜੁਲਾਈ ਨੂੰ ਲੁੱਟੇ ਗਏ 44 ਹਜ਼ਾਰ ਤੋਂ ਵੱਧ ਰੁਪਿਆਂ ਵਿਚੋਂ 9 ਹਜ਼ਾਰ ਰੁਪਏ ਦੀ ਬਰਾਮਦਗੀ ਪਾਈ ਗਈ ਸੀ।

ਪਿਛਲੇ ਸਾਲ ਸਤੰਬਰ ਮਹੀਨੇ ਵਿਚ ਮ੍ਰਿਤਕ ਰਾਜ ਅਨਮੋਲ ਦੀ ਮਾਂ ਸ੍ਰੀਮਤੀ ਰਣਜੀਤ ਕੌਰ ਨੇ ਉਦੋਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਇਕ ਲਿਖਤੀ ਸ਼ਿਕਾਇਤ ਵਿਚ ਇਲਜ਼ਾਮ ਲਾਇਆ ਸੀ ਕਿ ਉਸਦੇ ਲੜਕੇ ਅਤੇ ਜਵਾਈ ਨਿਰਮਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪੁਲੀਸ ਨੇ ਕੁਝ 'ਪ੍ਰਭਾਵਸ਼ਾਲੀ ਵਿਅਕਤੀਆਂ' ਦੇ ਇਸ਼ਾਰੇ 'ਤੇ ਇਕ ਗਿਣੀ-ਮਿਥੀ ਸਾਜ਼ਿਸ਼ ਹੇਠ ਕਤਲ ਕੀਤਾ ਹੈ ਅਤੇ ਪੁਲੀਸ ਮੁਕਾਬਲੇ ਦੀ ਕਹਾਣੀ ਮਨਘੜਤ ਤੇ ਝੂਠੀ ਹੈ। ਸ੍ਰੀਮਤੀ ਰਣਜੀਤ ਕੌਰ ਨੇ ਕੇਂਦਰੀ ਗ੍ਰਹਿ ਮੰਤਰਾਲੇ ਅਤੇ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨਾਲ ਵੀ ਇਸ ਸਬੰਧ ਵਿਚ ਮੁਲਾਕਾਤ ਕੀਤੀ ਸੀ।

ਦਰਬਾਰਾ ਸਿੰਘ ਦੀ ਹਦਾਇਤ ਉਤੇ ਸੀ. ਆਈ. ਡੀ. ਦੇ ਐਸ. ਪੀ. ਆਰ. ਪੀ. ਜੋਸ਼ੀ ਨੇ ਇਸ ਮਾਮਲੇ ਦੀ ਜਾਂਚ ਕੀਤੀ ਸੀ ਅਤੇ ਉਨ੍ਹਾਂ ਦੀ ਰਿਪੋਰਟ ਦੇ ਅਧਾਰ ਤੇ ਉਦੋਂ ਦੇ ਲੋਕ ਨਿਰਮਾਣ ਮੰਤਰੀ ਬੇਅੰਤ ਸਿੰਘ, ਐਸ. ਪੀ.(ਸਿਟੀ) ਸੁਖਦਿਆਲ ਸਿੰਘ ਭੁੱਲਰ, ਥਾਣਾ ਪਾਇਲ ਦੇ ਐਸ. ਐਚ. ਓ. ਜਗਜੀਤ ਸਿੰਘ ਬੇਦੀ ਸਮੇਤ 13 ਵਿਅਕਤੀਆਂ ਵਿਰੁੱਧ ਕਤਲ ਦਾ ਮੁਕੱਦਮਾ ਦਰਜ ਕੀਤਾ ਗਿਆ ਸੀ ਪਰ ਇਸ ਮੁਕੱਦਮੇ ਦੇ ਦਰਜ ਹੋਣ ਪਿਛੋਂ ਪੁਲੀਸ ਦੀ ਅਗਲੀ ਕਾਰਵਾਈ ਭੇਦ-ਭਰੇ ਢੰਗ ਨਾਲ ਰੋਕ ਦਿਤੀ ਗਈ ਸੀ ਅਤੇ ਕਿਸੇ ਵੀ ਨਾਮਜ਼ਦ ਦੋਸ਼ੀ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।

ਇਸ ਦੌਰਾਨ ਸ੍ਰੀਮਤੀ ਰਣਜੀਤ ਕੌਰ ਨੇ ਪੁਲੀਸ ਉਤੇ ਬੇਭਰੋਸਗੀ ਜ਼ਾਹਿਰ ਕਰਦੇ ਹੋਏ ਮੁੜ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਸੀ ਕਿ ਜਾਂਚ ਕੇਂਦਰੀ ਜਾਂਚ ਬਿਊਰੋ ਦੇ ਹਵਾਲੇ ਕੀਤੀ ਜਾਵੇ ਕਿਉਂ ਕਿ ਦੋਸ਼ੀਆਂ ਵਿਚ ਸੀਨੀਅਰ ਪੁਲੀਸ ਅਧਿਕਾਰੀ ਅਤੇ ਹੋਰ ਪ੍ਰਭਾਵਸ਼ਾਲੀ ਵਿਅਕਤੀ ਸ਼ਾਮਲ ਹਨ। ਉਨ੍ਹਾਂ ਨੇ ਅਕਾਲੀ ਆਗੂ ਸ੍ਰੀਮਤੀ ਨਿਰਲੇਪ ਕੌਰ ਨੂੰ ਨਾਲ ਲੈ ਕੇ ਰਾਜ ਦੇ ਗਵਰਨਰ ਬੀ. ਡੀ. ਪਾਂਡੇ ਅਤੇ ਸ੍ਰੀਮਤੀ ਗਾਂਧੀ ਨਾਲ ਮੁਲਾਕਾਤ ਵੀ ਕੀਤੀ ਸੀ।

ਪਤਾ ਲਗਿਆ ਹੈ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਸ੍ਰੀ ਪਾਂਡੇ ਦੀ ਸਿਫਾਰਸ਼ ਉਤੇ ਇਹ ਮਾਮਲਾ ਕੇਂਦਰੀ ਜਾਂਚ ਬਿਊਰੋ ਦੇ ਹਵਾਲੇ ਕਰ ਦਿੱਤਾ ਹੈ ਅਤੇ ਜ਼ਿਲਾ ਪੁਲੀਸ ਅਧਿਕਾਰੀਆਂ ਨੂੰ ਇਹ ਸੂਚਨਾ ਦਿੰਦੇ ਹੋਏ ਬਿਊਰੋ ਦੀ ਟੀਮ ਪੁੱਜਣ ਤੱਕ ਕਿਸੇ ਕਿਸਮ ਦੀ ਹੋਰ ਕਾਰਵਾਈ ਨਾ ਕਰਨ ਦੇ ਹੁਕਮ ਦਿਤੇ ਹਨ।

ਜ਼ਿਲਾ ਪੁਲੀਸ ਨੇ ਵੀ ਹੁਣ ਆਪਣੇ ਪਹਿਲੇ ਦਾਅਵੇ ਨੂੰ ਝੁਠਲਾਉਂਦੇ ਹੋਏ ਕਟਾਣੀ ਕਲਾਂ ਬੈਂਕ ਡਕੈਤੀ ਦਾ ਅਸਲੀ ਦੋਸ਼ੀ ਅਮਰੀਕ ਸਿੰਘ ਨੂੰ ਦੱਸਿਆ ਹੈ, ਜਿਹੜਾ ਪਿਛਲੇ ਦਿਨੀਂ ਜ਼ਿਲਾ ਕਪੂਰਥਲਾ ਵਿਚ ਫਗਵਾੜਾ ਵਿਖੇ ਗ੍ਰਿਫਤਾਰ ਕੀਤਾ ਗਿਆ ਸੀ। ਪੁਲੀਸ ਦਾ ਕਹਿਣਾ ਹੈ ਕਿ ਅਮਰੀਕ ਸਿੰਘ ਨੇ ਆਪਣੇ ਦੋ ਹੋਰ ਸਾਥੀਆਂ ਦੀ ਮਦਦ ਨਾਲ ਕਟਾਣੀ ਕਲਾਂ ਬੈਂਕ ਦੀ ਡਕੈਤੀ ਦਾ ਇਕਬਾਲ ਕਰ ਲਿਆ ਹੈ।

ਸਤਿਗੁਰੂ ਰਾਮ ਸਿੰਘ ਦਾ ਪ੍ਰਕਾਸ਼ ਦਿਵਸ

ਸ੍ਰੀ ਭੈਣੀ ਸਾਹਿਬ — ਨਾਮਧਾਰੀ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿਖੇ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਦਿਵਸ ਬਸੰਤ ਪੰਚਵੀਂ ਵਾਲੇ ਦਿਨ 7 ਫਰਵਰੀ ਨੂੰ ਸ਼ਰਧਾ ਪੂਰਬਕ ਮਨਾਇਆ ਗਿਆ।

ਇਸੇ ਦਿਨ ਸਵੇਰੇ ਨਾਮਧਾਰੀ ਨੌਜਵਾਨ ਜੋੜਿਆਂ ਦੇ ਸਮੂਹ ਆਨੰਦ ਕਾਰਜ ਕੀਤੇ ਗਏ ਅਤੇ ਸਾਰਾ ਦਿਨ ਧਾਰਮਕ ਦੀਵਾਨ ਲੱਗੇ। ਇਸ ਅਵਸਰ ਤੇ ਮੌਜੂਦਾ ਨਾਮਧਾਰੀ ਪ੍ਰਮੁਖ ਸ੍ਰੀ ਸਤਿਗੁਰੂ ਜਗਜੀਤ ਸਿੰਘ ਹਾਜ਼ਰ ਸਨ।

ਰੀਜ਼ਰਵ ਬੈਂਕ ਦੀ ਖੁਦ ਮੁਖਤਾਰੀ ਨੂੰ ਖਤਰਾ

ਨਵੀਂ ਦਿੱਲੀ—ਭਾਰਤੀ ਰੀਜ਼ਰਵ ਬੈਂਕ ਦੀ ਖੁਤ ਮੁਖਤਾਰੀ ਨੂੰ ਖਤਰਾ ਪੈਦਾ ਹੋ ਗਿਆ ਦਸਿਆ ਜਾਂਦਾ ਹੈ ਭਾਵੇਂ ਕਿ ਸਰਕਾਰ ਨੇ ਪਿਛਲੇ ਸਾਲ ਅਗਸਤ ਮਹੀਨੇ ਤੋਂ ਚੁਪ ਧਾਰੀ ਹੋਈ ਹੈ।

ਸਵਰਾਜ ਪਾਲ ਵਲੋਂ ਐਸਕੋਰਟ ਅਤੇ ਡੀ. ਸੀ. ਐਮ. ਉਤੇ ਕਬਜ਼ਾ ਕਰਨ ਦੇ ਯਤਨਾਂ ਤੋਂ ਬਾਦ ਰੀਜ਼ਰਵ ਬੈਂਕ ਦੇ ਗਵਰਨਰ ਨੂੰ ਇਸ ਸਬੰਧੀ ਵਖ ਵਖ ਟਿਪਣੀਆਂ ਮਿਲਦੀਆਂ ਰਹੀਆਂ ਹਨ। ਰੀਜ਼ਰਵ ਬੈਂਕ ਦੇ ਗਵਰਨਰ ਮਨਮੋਹਨ ਸਿੰਘ ਨੇ ਭਾਵੇਂ ਹਾਲਾਂ ਆਪਣਾ ਇਤਿਹਾਸਕ ਅਜ਼ਾਦਾਨਾ ਸਟੈਂਡ ਨਹੀਂ ਛਡਿਆ। ਇਕ ਸਾਬਕ ਖਜ਼ਾਨਾ ਮੰਤਰੀ ਨੇ ਗਵਰਨਰ ਦੇ ਦਰਜੇ ਬਾਰੇ ਦਸਦਿਆਂ ਕਿਹਾ ਹੈ ਕਿ 1957 ਤੋਂ ਰੀਜ਼ਰਵ ਬੈਂਕ ਇਕ ਸੁਪਰੀਮ ਖੁਦਮੁਖਤਾਰ ਸੰਸਥਾ ਚਲੀ ਆ ਰਹੀ ਹੈ ਤੇ ਇਸਦੇ ਗਵਰਨਰ ਨੂੰ ਸਰਕਾਰ ਦੀ ਅਲੋਚਨਾ ਕਰਨ ਦਾ ਵੀ ਅਧਿਕਾਰ ਰਿਹਾ ਹੈ।

ਫਿਰ ਵੀ ਭਾਵੇਂ ਰੀਜ਼ਰਵ ਬੈਂਕ ਇਕ ਵਖਰੀ ਰਾਏ ਰੱਖ ਸਕਦੀ ਹੈ ਪਰ ਉਸ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੀ ਕੰਮ ਕਰਨਾ ਪੈਂਦਾ ਹੈ। ਰੀਜ਼ਰਵ ਬੈਂਕ ਦੇ ਗਵਰਨਰ ਦੀ ਅਥਾਰਿਟੀ ਸਮੁਚੇ ਤੌਰ ਤੇ ਨਿਜੀ ਸ਼ਖਸੀਅਤ ਦਾ ਮਾਮਲਾ ਹੈ।

ਮੌਜੂਦਾ ਗਵਰਨਰ ਸਵਰਾਜਪਾਲ ਦੀਆਂ ਟਕੋਰਾਂ ਵਾਲੀਆਂ ਟਿਪਣੀਆਂ ਬਾਰੇ ਕੋਈ ਪ੍ਰਤੀਕਰਮ ਪ੍ਰਗਟ ਕਰਨ ਤੋਂ ਨਾਂਹ ਕਰ ਦਿੱਤੀ ਹੈ ਪਰ ਬੈਂਕਿੰਗ ਤਰਮੀਮੀ ਬਿੱਲ, ਜੋ ਕਿ ਪਿਛਲੇ ਸਾਲ ਦੇ ਬੱਜਟ ਸ਼ੈਸ਼ਨ ਦੇ ਅੰਤਿਮ ਦਿਨ ਪੇਸ਼ ਕੀਤਾ ਗਿਆ ਸੀ, ਉਹ ਹੋਰ ਕਿਸਮ ਦੀ ਵਿਸ਼ੇਸ਼ਤਾ ਰੱਖਦਾ ਸੀ।

ਕੇਂਦਰੀ ਖਜ਼ਾਨਾ ਵਜ਼ਾਰਤ ਵਲੋਂ ਪਿਛਲੇ ਸਾਲ ਅਗਸਤ ਵਿਚ ਜਾਰੀ ਕੀਤੇ ਗਏ ਇਕ ਪਰੈਸ ਨੋਟ ਵਿਚ ਕੁਝ ਸ਼ੰਕੇ ਦੂਰ ਕਰਨ ਦਾ ਯਤਨ ਕੀਤਾ ਗਿਆ ਜੋ ਕਿ ਇਕ ਅਖਬਾਰ ਦੀ ਰੀਪੋਰਟ ਵਿਚ ਪੈਦਾ ਕੀਤੇ ਗਏ ਸਨ।

ਭਾਰਤ ਵਾਪਸੀ

ਸ੍ਰ. ਬਰਜਿੰਦਰ ਸਿੰਘ ਜੋ ਵੈਨਕੂਵਰ ਵਿਚ ਸਹਾਇਕ ਭਾਰਤੀ ਕੌਂਸਲ ਜਨਰਲ ਸਥਾਪਤ ਸਨ ਕੈਨੇਡਾ ਵਿਚ ਆਪਣੀ ਸਰਵਿਸ ਦੀ ਮਿਆਦ ਪੂਰੀ ਕਰਨ ਉਪਰੰਤ ਭਾਰਤ ਨੂੰ ਵਾਪਸ ਜਾ ਰਹੇ ਹਨ।

ਆਪ ਅਗਸਤ 1980 ਤੋਂ ਫਰਵਰੀ 1984 ਤੱਕ ਵੈਨਕੂਵਰ ਵਿੱਚ ਰਹੇ। ਆਪਣੇ ਮਿੱਠੇ ਸੁਭਾਅ, ਚੰਗੇ ਮਿਲਵਰਤਨ ਦੇ ਕਾਰਨ ਉਹ ਭਾਰਤੀ ਕਿਮਊਨਿਟੀ ਵਿਚ ਹਰਮਨ ਪਿਆਰੇ ਸਨ ਅਤੇ ਸਦਾ ਹੀ ਭਾਰਤੀ ਕਮਿਊਨਿਟੀ ਦੇ ਹਿਰਦਿਆਂ ਵਿਚ ਵਸੇ ਰਹਿਣਗੇ।



ਪਾਰਟੀ ਸਮੇਂ 'ਕੈਨੇਡਾ ਦਰਪਣ' ਦੇ ਸੰਪਾਦਕ ਹਰਭਜਨ ਸਿੰਘ ਦਿਓਲ, ਸ. ਬਰਜਿੰਦਰ ਸਿੰਘ ਨਾਲ।

ਹਵਾਈ ਅੱਡਿਆਂ ਵਿਚ ਦਾਖਲੇ ਦੀ ਫੀਸ ਵਧ ਗਈ

ਨਵੀਂ ਦਿੱਲੀ — ਯਾਤਰੂ ਜੋ ਹਵਾਈ ਅਡਿਆਂ ਤੇ ਆਉਂਦੇ ਹਨ ਉਨ੍ਹਾਂ ਲਈ ਹੁਣ ਦਾਖਲੇ ਦੀ ਫੀਸ 1 ਫਰਵਰੀ 84 ਤੋਂ ਵਧਾ ਦਿਤੀ ਗਈ ਹੈ। ਵਧੇ ਹੋਏ ਰੇਟ ਬੰਬਈ ਕਲਕੱਤਾ ਮਦਰਾਸ ਅਤੇ ਦਿੱਲੀ ਦੇ ਹਵਾਈ ਅਡਿਆਂ ਤੇ ਲਾਗੂ ਹੈ। ਦਿੱਲੀ ਅਤੇ ਬੰਬਈ ਲਈ ਇਹ ਫੀਸ ਤਿੰਨ ਰੁਪੈ ਤੋਂ ਵਧਾ ਕੇ ਛੇ ਰੁਪੈ ਵਿਅਕਤੀ ਕਰ ਦਿਤੀ ਗਈ ਹੈ ਅਤੇ ਮਦਰਾਸ ਅਤੇ ਕਲਕੱਤੇ ਦੇ ਹਵਾਈ ਅਡਿਆਂ ਤੇ ਇਹ ਫੀਸ ਦੋ ਰੁਪੈ ਤੋਂ ਵਧਾ ਕੇ ਚਾਰ ਰੁਪੈ ਵਿਅਕਤੀ ਕਰ ਦਿਤੀ ਗਈ ਹੈ।

ਬਲਾਤਕਾਰ ਦੇ ਦੋਸ਼ ਵਿਚ ਤਿੰਨ ਗ੍ਰਿਫਤਾਰ

ਕੁਰਕੁਸ਼ੇਤਰ — ਮਹਾਂਭਾਰਤ ਦੇ ਪ੍ਰਸਿਧ ਮੈਦਾਨ ਵਿਚ ਤਿੰਨ ਵਿਅਕਤੀ ਉਧਾਲੇ ਅਤੇ ਬਲਾਤਕਾਰ ਦੇ ਦੋਸ਼ ਅਧੀਨ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਸੂਤਰਾਂ ਅਨੁਸਾਰ ਇਕ ਨਾਬਾਲਗ ਲੜਕੀ ਨੂੰ ਉਧਾਲਿਆ ਗਿਆ ਸੀ।

ਏਸ਼ੀਆ ਦੇ ਸਭ ਤੋਂ ਪੁਰਾਣੇ ਅਖਬਾਰ ਦੀ 150ਵੀਂ ਵਰ੍ਹੇ ਗੰਢ

ਕਲੰਬੋ—ਏਸ਼ੀਆ ਦੇ ਸਭ ਤੋਂ ਪੁਰਾਣੇ ਸ਼ਾਮ ਵੇਲੇ ਦੇ ਅਖਬਾਰਾਂ ਵਿਚੋਂ ਇਕ ਰੋਜ਼ਾਨਾ ਸਿਲੋਨ ਅਬਜ਼ਰਵਰ ਨੇ ਇਥੇ ਆਪਣੇ 150ਵੀਂ ਵਰ੍ਹੇ ਗੰਢ ਮਨਾਈ। ਇਹ ਅਖਬਾਰ 1834 ਵਿਚ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਸੀ। ਦੋ ਅੰਗਰੇਜ਼ਾਂ ਜੀ. ਆਕਲੈਂਡ ਅਤੇ ਈ. ਐਸ. ਡਾਰਲੇ ਵਲੋਂ ਸ਼ੁਰੂ ਕੀਤਾ ਗਿਆ ਇਹ ਅਖਬਾਰ ਕੌਫੀ ਅਤੇ ਚਾਹ ਉਤਪਾਦਕਾਂ ਦੇ ਹਿਤਾਂ ਅਤੇ ਅਧਿਕਾਰਾਂ ਦਾ ਪੱਖ ਪੂਰਦਾ ਸੀ ਅਤੇ ਬਰਤਾਨਵੀ ਅਫਸਰਸ਼ਾਹੀ ਦੀ ਅਲੋਚਨਾ ਕਰਦਾ ਸੀ।

1923 ਵਿਚ ਸ੍ਰੀ ਡੀ. ਆਰ. ਵਿਜੇ ਵਰਦਨੇ ਦੇ ਹੱਥਾਂ ਵਿਚ ਚਲੇ ਜਾਣ ਪਿਛੋਂ ਇਹ ਅਖਬਾਰ ਲੋਕਾਂ ਦੇ ਇਕ ਤਰਜ਼ਮਾਨ ਵਿਚ ਤਬਦੀਲ ਹੋ ਗਿਆ ਤੇ ਇਸ ਦੇ ਹਿੰਦੋਸਤਾਨ ਦੀ ਆਜ਼ਾਦੀ ਦੀ ਹਮਾਇਤ ਕੀਤੀ। ਇਸ ਨੇ ਸੀ ਲੰਕਾ ਦੇ ਆਜ਼ਾਦੀ ਦੇ ਘੋਲ ਵਿਚ ਅਹਿਮ ਰੋਲ ਨਿਭਾਇਆ।

'ਜਨਤਾ ਸੇਵਕ' ਦਾ ਧਮਕੀ ਪੱਤਰ


ਕਸਬਾ ਮੁਲਾਂਪੁਰ ਦਾਖਾ ਦੇ ਇਕ ਮਸ਼ਹੂਰ ਸਰਾਫ ਮਹਿੰਗਾ ਰਾਮ ਨੂੰ ਇਕ ਧਮਕੀ ਭਰਿਆ ਖੱਤ ਮਿਲਿਆ ਹੈ ਜਿਸ ਵਿਚ ਉਹਨਾਂ ਨੂੰ 40 ਦਿਨਾਂ ਵਿਚ ਜਾਨੋ ਮਾਰਨ ਦੀ ਧਮਕੀ ਦਿਤੀ ਗਈ ਹੈ.

ਇਹ ਪੱਤਰ ਇਕ ਪੋਸਟ ਕਾਰਡ ਜਿਸ ਤੇ ਮੁਲਾਂਪੁਰ ਡਾਕਘਰ ਦੀ ਮੋਹਰ ਲਗੀ ਹੋਈ ਹੈ ਪੱਤਰ ਲਿਖਣ ਵਾਲੇ ਨੇ ਖੁਦ ਨੂੰ ਜਨਤਾ ਦਾ ਸੇਵਕ ਲਿਖਿਆ ਹੈ.

ਸਾ ਹਿ ਤ ਦ ਰ ਪ ਣ

ਬੀਜ ਤੇ ਮਿੱਟੀ

ਹਰੀ ਪ੍ਰਕਾਸ਼ ਸ਼ਰਮਾ



ਰਸੋਈ ਵਿਚ ਭਾਂਡੇ ਧੋਂਦੀ ਨਿਰਮਲਾ ਸੋਚ ਰਹੀ ਸੀ ਕਿ ਅਜੇ ਉਸਨੇ ਬਹੁਤ ਸਾਰੇ ਕੱਪੜੇ ਧੋਣੇ ਹਨ। ਦੋ ਜੋੜੇ ਕੱਪੜੇ ਤਾਂ ਗੀਤਾ ਦੇ ਪਾਪਾ ਜੀ ਦੇ ਹੀ ਹਨ, ਉਸਦੀਆਂ ਆਪਣੀਆਂ ਧੋਤੀਆਂ ਵੀ ਮੈਲੀਆਂ ਹਨ, ਬੱਚਿਆਂ ਦੇ ਕੱਪੜੇ ਹਨ ਅਤੇ ਫਿਰ ਅੱਜ ਸਵੇਰੇ ਛੋਟੀ ਬਿੱਟੀ ਨੇ ਬਿਸਤਰੇ ਵਿਚ ਹੀ ਪਾਖਾਨਾ ਕਰ ਦਿੱਤਾ ਸੀ। ਸਾਰੇ ਹੀ ਧੋਣੇ ਹਨ ਅਤੇ ਉਸਦਾ ਸਰੀਰ ਹੈ ਕਿ ਜੋੜ ਜੋੜ ਦੁੱਖ ਰਿਹਾ ਹੈ। ਨਾ ਜਾਣੇ ਪਿਛਲੇ ਕੁਝ ਸਾਲਾਂ ਤੋਂ ਉਸਨੂੰ ਕੀ ਹੋ ਗਿਆ, ਕਮਰ ਹਮੇਸ਼ਾਂ ਦੂਖਦੀ ਰਹਿੰਦੀ ਹੈ, ਗੋਡਿਆਂ ਦਿਆਂ ਜੋੜਾਂ ਵਿਚ ਹਮੇਸ਼ਾ ਦਰਦ ਰਹਿੰਦਾ ਹੈ। ਇਕ ਵਾਰ ਕਿਤੇ ਬੈਠ ਜਾਂਦੀ ਹੈ ਤਾਂ ਉਠਣਾ ਮੁਸ਼ਕਿਲ ਹੋ ਜਾਂਦਾ ਹੈ ਅਤੇ ਇਹ ਗ੍ਰਹਿਸਥੀ ਦਾ ਧੰਦਾ ਹੈ ਕਿ ਕਿਤੇ ਖਤਮ ਹੀ ਹੋਣ ਵਿਚ ਨਹੀਂ ਆਉਂਦਾ। ਕਿੰਨੀ ਵਾਰ ਕਿਹਾ ਹੈ ਕਿ ਉਸਨੂੰ ਕੋਈ ਦਵਾ-ਦਾਰੂ ਦਿਵਾ ਦਿਓ, ਪਰ ਕੌਣ ਸੁਣਦਾ ਹੈ ਉਸਦੀ। ਬੱਸ ਧੰਦਾ ਪਿਟੀ ਜਾਓ। ਇਸ ਨਾਲੋਂ ਤਾਂ ਪ੍ਰਮਾਤਮਾ, ਮੌਤ ਆ ਜਾਏ ਤਾਂ ਪਿਛਾ ਛੁੱਟੇ।

ਚਾਹ ਦਾ ਪਿਆਲਾ-ਪਲੇਟ ਧੋ ਕੇ, ਉਠਣ ਦੇ ਆਲਸ ਵਿਚ, ਉਸਨੇ ਉਥੇ ਬੈਠੇ ਬੈਠੇ ਹੱਥ ਉੱਚਾ ਕਰਕੇ ਉਪਰ ਬਣੇ ਲੱਕੜੀ ਦੇ ਬਰੈਕਿਟ 'ਤੇ ਰੱਖਣਾ ਚਾਹਿਆ। ਪਲੇਟ ਓਥੇ ਤੱਕ ਪਹੁੰਚ ਤਾਂ ਗਈ, ਪਰ ਰੱਖਦੇ ਰੱਖਦੇ ਹੀ ਨਾ ਜਾਣੇ ਕੀ ਹੋਇਆ ਕਿ ਪਿਆਲਾ ਤਿਲਕ ਕੇ ਥੱਲੇ ਆ ਡਿਗਿਆ ਅਤੇ ਜਦੋਂ ਉਪਰ ਤੋਂ ਉਸ ਨੇ ਡਿਗਣਾ ਸੀ ਤਾਂ ਕੀ ਉਹ ਟੁੱਟਣ ਤੋਂ ਬਚ ਸਕਦਾ ਸੀ। ਡਿਗਦਿਆਂ ਹੀ ਚੀਨੀ ਦੇ ਉਸ ਮੋਟੇ ਪਿਆਲੇ ਦੇ ਤਿੰਨ ਟੁਕੜੇ ਹੋ ਗਏ ਅਤੇ ਨਿਰਮਲਾ ਦੇ ਮੂੰਹ 'ਚੋਂ ਹਲਕੀ ਜਿਹੀ ਚੀਕ ਨਿਕਲ ਗਈ।

ਪਿਆਲਾ ਕੋਈ ਖਾਸ ਮਹਿੰਗਾ ਨਹੀਂ ਸੀ। ਸਾਲ ਭਰ ਪਹਿਲਾਂ ਇਕ ਫੇਰੀਵਾਲੇ ਤੋਂ ਉਸਨੇ ਕੁਝ ਆਨਿਆਂ ਦਾ ਖਰੀਦਿਆ ਸੀ। ਘਰ ਵਿਚ ਉਸ ਤਰ੍ਹਾਂ ਚਾਰ ਜੋੜੇ ਪਿਆਲੇ-ਪਲੇਟਾਂ ਦੇ ਹੋਰ ਭੀ ਸਨ, ਪਰ ਨਿਰਮਲਾ ਉਨ੍ਹਾਂ ਨੂੰ ਤਾਂ ਹੀ ਕੱਢਦੀ ਹੈ ਜਦ ਕੋਈ ਪ੍ਰਾਹੁਣਾ ਆ ਜਾਵੇ ਅਤੇ ਫਿਰ ਬੜੇ ਬਚਾਅ ਨਾਲ ਧੋ ਪੂੰਝ ਕੇ ਉਥੇ ਹੀ ਜਾਲੀ ਦੀ ਅਲਮਾਰੀ ਵਿਚ ਰੱਖ ਦਿੰਦੀ ਹੈ। ਕਮਲ ਕਿਉਂਕਿ ਗਲਾਸ ਵਿਚ ਚਾਹ ਨਹੀਂ ਪੀਂਦਾ ਇਸ ਲਈ ਉਸਨੇ ਰੋਜ਼ਾਨਾ ਦੀ ਵਰਤੋਂ ਲਈ ਇਹ ਇਕ ਸਸਤਾ ਜਿਹਾ ਪਿਆਲਾ ਖਰੀਦ ਲਿਆ ਸੀ। ਕੁਝ ਮਹੀਨੇ ਹੋਏ, ਇਕ ਵਾਰ ਗੀਤਾ ਦੇ ਹੱਥੋਂ ਛੁੱਟ ਜਾਣ ਕਾਰਨ ਉਸ ਪਿਆਲੇ ਦਾ ਹੈਂਡਲ ਟੁੱਟ ਗਿਆ ਸੀ ਅਤੇ ਨਿਰਮਲਾ ਨੂੰ ਯਾਦ ਹੈ ਇਸ ਦੋਸ਼ ਲਈ ਗੀਤਾ ਨੂੰ ਬਹੁਤ ਕੁੱਟਿਆ ਸੀ, ਪਰ ਕੇਵਲ ਹੈਂਡਲ ਟੁੱਟ ਜਾਣ ਨਾਲ ਪਿਆਲੇ ਦੀ ਵਰਤੋਂ ਵਿਚ ਕੋਈ ਫਰਕ ਨਹੀਂ ਆਇਆ ਸੀ। ਕਮਲ ਨੂੰ ਰੋਜ਼ ਦੋਵੇਂ ਵੇਲੇ ਓਸੇ ਪਿਆਲੇ ਵਿਚ ਚਾਹ ਪੀਣੀ ਪੈਂਦੀ। ਪਰ ਅੱਜ ਉਸ ਦੇ ਇਸ ਤਰ੍ਹਾਂ ਟੁੱਟ ਜਾਣ ਨਾਲ ਨਿਰਮਲਾ ਨੂੰ ਬਹੁਤ ਦੁੱਖ ਹੋਇਆ। ਹੁਣ ਜਾਂ ਤਾਂ ਬਾਜ਼ਾਰ ਤੋਂ ਉਸ ਦੀ ਥਾਂ ਨਵਾਂ ਪਿਆਲਾ ਲਿਆਂਦਾ ਜਾਏ, ਜਾਂ ਉਸ ਦੀ ਚਾਹ ਦੇ ਲਈ ਸਵੇਰੇ-ਸ਼ਾਮ ਅਲਮਾਰੀ ਵਿਚੋਂ ਪਿਆਲਾ ਕੱਢਣਾ ਪਵੇਗਾ।

ਕੁਝ ਡਿੱਗਣ ਅਤੇ ਟੁੱਟਣ ਦਾ ਖੜਕਾ ਸੁਣ ਕੇ ਅੰਦਰ ਦੀ ਕੋਠੜੀ ਵਿਚੋਂ ਗੀਤਾ ਬਾਹਰ ਨਿਕਲੀ। ਉਸਦੇ ਹੱਥ ਵਿਚ ਕਲਮ ਸੀ, ਉਂਗਲੀਆਂ ਤੇ ਸਿਆਹੀ ਲੱਗੀ ਹੋਈ ਸੀ ਅਤੇ ਫਰਾਕ ਤੇ ਵੀ ਸਿਆਹੀ ਦਾ ਬੜਾ ਵੱਡਾ ਦਾਗ਼ ਲੱਗਿਆ ਹੋਇਆ ਸੀ।

— ਕੀ ਟੁੱਟ ਗਿਆ ਮਾਂ ?

— ਟੁੱਟ ਗਿਆ ਤੇਰਾ ਸਿਰ! ਆਈ ਹੈ ਬਹੁਤਾ ਫਿਕਰ ਕਰਨ ਵਾਲੀ! ਤੈਨੂੰ ਕੁਝ ਫਿਕਰ ਵੀ ਹੈ ਘਰ ਦੀ। ਜਦ ਦੇਖੋ ਸਕੂਲ ਖੋਲ੍ਹੀ ਬੈਠੀ ਰਹਿੰਦੀ ਹੈ।

ਦਸ ਵਰ੍ਹਿਆਂ ਦੀ ਗੀਤਾ ਮਾਂ ਦੇ ਸੁਭਾਅ ਤੋਂ ਜਾਣੂ ਸੀ। ਫੇਰ ਵੀ ਇਸ ਡਾਂਟ ਡਪਟ ਨੂੰ ਸੁਣਕੇ ਰੋਣਹਾਕੀ ਹੋ ਕੇ ਬੋਲੀ—'ਤੂੰ ਹੀ ਤਾਂ ਕਿਹਾ ਸੀ ਕਿ ਸਕੂਲ ਦਾ ਕੰਮ ਕਰ ਲੈ, ਭਾਂਡੇ ਮੈਂ ਧੋ ਲਵਾਂਗੀ।'

—'ਨਹੀਂ ਤਾਂ ਬੜਾ ਨਿਹਾਲ ਕਰ ਦਿੰਦੀ ਤੂੰ!' ਅਤੇ ਨਿਰਮਲਾ ਦੀ ਨਿਗ੍ਹਾ ਗੀਤਾ ਦੇ ਫਰਾਕ ਤੇ ਪਏ ਸਿਆਹੀ ਦੇ ਦਾਗ਼ ਤੇ ਗਈ ਅਤੇ ਉਸਦਾ ਗੁੱਸਾ ਇਕਦਮ ਹੀ ਉਬਲ ਪਿਆ—'ਇਹ ਫਰਾਕ ਤੇ ਸਿਆਹੀ ਕਿਥੋਂ ਲਾਈ ਹੈ ?'

ਗੀਤਾ ਸੁਣ ਕੇ ਸੁੰਨ ਹੋ ਗਈ। ਕੁਝ ਬੋਲਣਾ ਚਾਹੁੰਦੇ ਹੋਏ ਵੀ ਉਸਦੇ ਗਲੇ ਵਿਚੋਂ ਬੋਲ ਨਹੀਂ ਨਿਕਲਿਆ।

—'ਬੋਲਦੀ ਕਿਉਂ ਨਹੀਂ ? ਗੁੰਗੀ ਹੋ ਗਈ? ਹਰਾਮਜ਼ਾਦੀ! ਕਿਉਂ ਤੂੰ ਮੇਰੀ ਜਾਨ ਪਿੱਛੇ ਪਈ ਹੈਂ ? ਜੰਮਦਿਆਂ ਹੀ ਮਰ ਕਿਉਂ ਨਹੀਂ ਗਈ। ਬੋਲ! ਨਵੀਂ ਫਰਾਕ ਦਾ ਕਿਵੇਂ ਨਾਸ ਕੀਤਾ ਹੈ। ਸਿਆਹੀ ਵੀ ਕਿਉਂ ਡੋਲ੍ਹਣ ਨੂੰ ਮੁਫ਼ਤ ਆਈ ਹੈ। ਹੁਣ ਬਣਵਾਈ ਤੂੰ ਫ਼ਰਾਕ ਕਰਮਾਂ ਸੜ੍ਹੀਏ! ਨਾਲੇ ਤੈਨੂੰ ਮੰਗਵਾ ਕੇ ਦਊਂ ਸਿਆਹੀ !!'

ਗੀਤਾ ਦੀਆਂ ਅੱਖਾਂ ਵਿਚ ਅੰਦਰ ਹੀ ਅੰਦਰ ਹੰਝੂ ਭਰ ਆਏ। ਮਾਂ ਦਾ ਚੀਕ ਚਿਹਾੜਾ ਸੁਣ ਕੇ ਅੰਦਰੋਂ ਗੀਤਾ, ਵਿਜੇ ਅਤੇ ਸੀਤਾ ਵੀ ਦਰਾਂ ਤੇ ਆ ਖੜ੍ਹੇ ਹੋਏ ਅਤੇ ਸਹਿਮੀ ਸਹਿਮੀ ਨਜ਼ਰ ਨਾਲ ਗੀਤਾ ਵੱਲੀਂ ਵੇਖਣ ਲੱਗੇ। ਅੰਦਰ ਕਮਰੇ ਵਿਚ ਸੁੱਤੀ ਹੋਈ ਡੇਢ ਵਰ੍ਹਿਆਂ ਦੀ ਬਿੱਟੀ ਵੀ ਇਕ ਦਮ ਉਠ ਬੈਠੀ ਅਤੇ ਨੇੜੇ ਤੇੜੇ ਕਿਸੇ ਨੂੰ ਨਾ ਦੇਖ ਕੇ ਉਸਨੇ ਵੀ ਰੋਣਾ ਸ਼ੁਰੂ ਕਰ ਦਿਤਾ। ਛੋਟੇ ਭੈਣ ਭਾਈਆਂ ਨੂੰ ਇਸ ਤਰ੍ਹਾਂ ਨੇੜੇ ਖੜ੍ਹਾ ਦੇਖ ਕੇ ਗੀਤਾ ਦੀਆਂ ਅੱਖਾਂ ਵਿਚ ਰੋਕੇ ਹੰਝੂ ਇਕ ਦਮ ਧਾਰ ਬਣ ਕੇ ਵਹਿ ਤੁਰੇ ਅਤੇ ਸਿਰਫ ਝੁਕਾ ਕੇ ਉਹ ਪੈਰ ਦੇ ਅੰਗੂਠੇ ਨਾਲ ਫਰਸ਼ ਦੇ ਉਖੜੇ ਹੋਏ ਸੀਮੈਂਟ ਨੂੰ ਕੁਰੇਦਣ ਲੱਗੀ।

—'ਲੱਗੀ ਏ ਰੋਣ ਹਰਾਮਜ਼ਾਦੀ! ਕਿਵੇਂ ਗੱਲ ਗੱਲ ਤੇ ਰੋਣਾ ਸੁਝਦੈ। ਬੋਲੇਂਗੀ ਜਾਂ ਮਾਰਾਂ ਚਿਮਟਾ!'

ਏਨਾ ਸੁਣਦੇ ਹੀ ਗੀਤਾ ਫੁਟ ਫੁਟ ਰੋਣ ਲੱਗੀ ਅਤੇ ਹੰਝੂਆਂ ਭਰੀ ਆਵਾਜ਼ 'ਚ ਬੋਲੀ—'ਮੈਂ ਥੋੜ੍ਹਾ ਡੋਲ੍ਹੀ ਹੈ ਸਿਆਹੀ। ਵਿਜੇ ਨੇ ਡੋਲ੍ਹੀ ਹੈ।' ਉਸਦੇ ਇਸ ਤਰ੍ਹਾਂ ਜ਼ੋਰ ਨਾਲ ਰੋ ਉਠਣ ਅਤੇ ਉਸਦੀ ਆਵਾਜ਼ ਦੀ ਤੇਜ਼ੀ ਨੇ ਨਿਰਮਲਾ ਦੇ ਕ੍ਰੋਧ ਦੀ ਅੱਗ ਤੇ ਘਿਉ ਦਾ ਕੰਮ ਕੀਤਾ ਅਤੇ ਹੱਥਲੇ ਭਾਂਡੇ ਉਥੇ ਹੀ ਛੱਡ ਕੇ ਤੇਜ਼ੀ ਨਾਲ ਰਸੋਈ ਤੋਂ ਬਾਹਰ ਆਈ ਅਤੇ ਦੋ ਤਿੰਨ ਘਸੁੰਨ ਗੀਤਾ ਦੀ ਢੂਹੀ ਤੇ ਜ਼ੋਰ ਨਾਲ ਮਾਰੇ।—'ਠਹਿਰ ਰੰਡੀਏ! ਤੈਨੂੰ ਮੈਂ ਰੋਣਾ ਸਿਖਾਉਨੀ ਆਂ। ਤੂੰ ਬਹੁਤੀ ਰੋ ਕੇ ਡਰਾਉਣ ਲੱਗੀ ਐਂ।' ਅਤੇ ਗੀਤਾ ਨੂੰ ਉਥੇ ਹੀ ਛੱਡ ਕੇ ਉਹ ਵਿਜੇ ਵੱਲ ਲਪਕੀ ਜੋ ਦਰਵਾਜ਼ਾ ਫੜੀ ਖੜ੍ਹਾ ਸੀ। ਮਾਂ ਨੂੰ ਇਸ ਤਰ੍ਹਾਂ ਆਪਣੇ ਵੱਲ ਆਉਂਦੇ ਦੇਖ ਵਿਜੇ ਪਹਿਲਾਂ ਹੀ ਜ਼ੋਰ ਜ਼ੋਰ ਨਾਲ ਰੋਣ ਲੱਗਾ ਅਤੇ ਮਿਲਣ ਵਾਲੇ ਇਨਾਮਾਂ ਨੂੰ ਆਪਣੇ ਛੋਟੇ ਛੋਟੇ ਹੱਥ ਉਤੇ ਕਰਕੇ ਰੋਕਣ ਦਾ ਅਸਫਲ ਯਤਨ ਕਰਨ ਲੱਗਾ ਬੋਲਿਆ—'ਮੈਂ ਨਹੀਂ ਡੋਲ੍ਹੀ, ਮੈਂ ਨਹੀਂ ਡੋਲ੍ਹੀ, ਭੈਣ ਝੂਠ ਬੋਲਦੀ ਹੈ, ਮਾਂ।'

ਪਰ ਨਿਰਮਲਾ ਕੋਲ ਉਸਦੀ ਗੱਲ ਸੁਣਨ ਦਾ ਵਿਹਲ ਕਿਥੇ ਸੀ। ਲਗਾਤਾਰ ਦੋ ਤਿੰਨ ਘਸੁੰਨ ਵਿਜੇ ਦੀ ਢੂਹੀ ਤੇ ਜਮਾ ਕੇ ਉਸ ਦਾ ਧਿਆਨ ਬਿੱਟੀ ਵੱਲ ਚਲਾ ਗਿਆ ਜੋ ਕਮਰੇ 'ਚ ਪਈ ਚੀਕਾਂ ਮਾਰ ਰਹੀ ਸੀ। ਉਹਨੂੰ ਗੋਦੀ 'ਚ ਚੁੱਕ ਇਕ ਦੋ ਪਲ ਉਸ ਨੇ ਉਸ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ, ਪਰ ਬਿੱਟੀ ਸੀ ਕਿ ਰੋਈ ਤੁਰੀ ਜਾਂਦਾ ਸੀ। ਆਖਰ ਤੰਗ ਆ ਕੇ ਉਸ ਨੇ ਉਸਨੂੰ ਮੰਜੇ ਤੇ ਦੇਹ ਮਾਰਿਆ ਅਤੇ ਝੁੰਝਲਾ ਕੇ ਬੋਲੀ—'ਮਰ ਜਾ ਰੰਡੀਏ ਤੂੰ ਵੀ ਨਾ ਜਾਣੇ ਕਿਥੋਂ ਆ ਗਈ ਹੈ ਮੇਰੀ ਜਾਨ ਜਲਾਉਣ ਨੂੰ। ਤੁਸੀਂ ਸਾਰੇ ਦੇ ਸਾਰੇ ਮਰ ਕਿਉਂ ਨਹੀਂ ਜਾਂਦੇ। ਮੈਨੂੰ ਤਾਂ ਛੁੱਟੀ ਮਿਲੇ।' ਅਤੇ ਇਹ ਕਹਿਕੇ ਉਹ ਫੇਰ ਰਸੋਈ 'ਚ ਜਾ ਕੇ ਭਾਂਡੇ ਧੋਣ ਲੱਗੀ ਅਤੇ ਮੰਜੀ ਤੇ ਪਈ ਬਿੱਟੀ ਚੀਖ ਚੀਖ ਕੇ ਰੋਂਦੀ ਰਹੀ ਅਤੇ ਬਾਹਰ ਵਿਹੜੇ ਵਿਚ ਗੀਤਾ ਅਤੇ ਵਿਜੇ ਹੌਲੀ ਹੌਲੀ ਰੋਂਦੇ ਰਹੇ ਅਤੇ ਗੀਤਾ ਤੇ ਸੀਤਾ ਕਮਰੇ ਦੇ ਖੂੰਜੇ ਵਿਚ ਦੁਬਕੇ ਹੋਏ ਸਹਿਮੇ ਸਹਿਮੇ ਬੈਠੇ ਰਹੇ।

ਕਿਸੇ ਨੇ ਕਿਹਾ ਕਿ ਔਲਾਦ ਦਾ ਸੁੱਖ ਸਭ ਤੋਂ ਵੱਡਾ ਸੁੱਖ ਹੈ। ਪਰ ਨਿਰਮਲਾ ਦਾ ਖਿਆਲ ਹੈ ਕਿ ਉਸਦੀ ਜ਼ਿੰਦਗੀ ਦੇ ਸਾਰੇ ਸੁੱਖਾਂ ਨੂੰ ਜੇ ਕਿਸੇ ਨੇ ਲੁਟਿਆ ਹੈ ਤਾਂ ਇਸ ਔਲਾਦ ਨੇ। ਅਜੇ ਉਸ ਦੀ ਉਮਰ ਹੀ ਕੀ ਸੀ। ਮੁਸ਼ਕਿਲ ਨਾਲ ਤੀਹ ਬੱਤੀ ਸਾਲ! ਤੇਰ੍ਹਵਾਂ ਸਾਲ ਹੀ ਤਾਂ ਸੀ ਉਸ ਦੇ ਵਿਆਹ ਦਾ! ਅਤੇ ਇਨ੍ਹਾਂ ਤੇਰਾਂ ਵਰ੍ਹਿਆਂ ਵਿਚ ਉਹ ਇਕ ਇਕ ਕਰਕੇ ਅੱਠ ਬੱਚਿਆਂ ਨੂੰ ਜਨਮ ਦੇ ਚੁੱਕੀ ਸੀ। ਅੱਠਾਂ ਵਿਚੋਂ ਦੋ ਦਾ ਤਾਂ ਉਸ ਉਪਰ ਸ਼ਾਇਦ ਕੁਝ ਘੱਟ ਕਰਜ਼ਾ ਸੀ, ਇਸ ਲਈ ਉਹ ਕੇਵਲ ਨੌਂ ਨੌਂ ਮਹੀਨੇ ਉਸਦੇ ਗਰਭ ਵਿਚ ਰਹਿ ਕੇ ਅਤੇ ਪ੍ਰਸੂਤ ਦੀ ਤਿੱਖੀ ਪੀੜ ਦੇ ਕੇ ਥੋੜੇ ਦਿਨਾਂ ਵਿਚ ਹੀ ਕਾਲ-ਵਸ ਹੋ ਗਈਆਂ ਸੀ। ਬਾਕੀ ਛੇ ਹਨ - ਅਜੇ, ਗੀਤਾ, ਵਿਜੇ, ਰੀਤਾ, ਸੀਤਾ ਤੇ ਬਿੱਟੀ, ਜਿਨ੍ਹਾਂ ਬਾਰੇ ਵੀ ਨਿਰਮਲਾ ਦਾ ਖਿਆਲ ਹੈ ਕਿ ਉਹ ਕੇਵਲ ਉਸ ਦੇ ਪ੍ਰਾਣਾਂ ਨੂੰ ਤੰਗ ਕਰਨ ਲਈ ਹੀ ਪੈਦਾ ਹੋਏ ਹਨ। ਇਨ੍ਹਾਂ ਪਿਛਲੇ ਤੇਰ੍ਹਾਂ ਵਰ੍ਹਿਆਂ ਵਿਚ ਉਸ ਦਾ ਇਹ ਇਕ ਦਿਨ ਜਾਂ ਤਾਂ ਗਰਭ ਵਿਚ ਔਲਾਦ ਨੂੰ ਪਾਲਣ ਵਿਚ ਜਾਂ ਉਨ੍ਹਾਂ ਨੂੰ ਆਪਣੀ ਛਾਤੀ ਦਾ ਖੂਨ ਪਿਆਉਣ ਵਿਚ ਹੀ ਬੀਤਿਆ ਹੈ। ਆਪਣੇ ਵਰਤਮਾਨ ਜੀਵਨ ਦੇ ਪ੍ਰਤੀ ਨਿਰਮਲਾ ਦਾ ਅਸੰਤੋਸ਼ ਅਤੇ ਝੁੰਜਲਾਹਟ ਹੋਰ ਵੀ ਵਧ ਜਾਂਦੇ ਜਦ ਉਸ ਨੂੰ ਅੱਜ ਤੋਂ ਤੇਰ੍ਹਾਂ ਚੌਦਾਂ ਵਰ੍ਹੇ ਪਹਿਲਾਂ ਦੇ ਦਿਨ ਯਾਦ ਆ ਜਾਂਦੇ ਜਾਂ ਕਦੀ ਕਪੜਿਆਂ ਦੇ ਬਕਸੇ ਨੂੰ ਉਲਟ ਪੁਲਟ ਕਰਦੇ ਵੇਲੇ ਉਨ੍ਹਾਂ ਹੇਠ ਦਬਿਆ ਹੋਇਆ ਉਹ ਫੋਟੋ ਦਿਖਾਈ ਦੇ ਜਾਂਦਾ ਜੋ ਵਿਆਹ ਤੋਂ ਪਿਛੋਂ ਉਸ ਨੇ ਕਮਲ ਨਾਲ ਖਿਚਵਾਇਆ ਸੀ। ਹਾ, ਕੀ ਇਹ ਉਸਦੀ ਹੀ ਤਸਵੀਰ ਸੀ, ਇਹ ਖੱਡਿਆਂ ਵਿਚ ਧਸੀਆਂ ਹੋਈਆਂ ਬੀਮਾਰ ਜਹੀਆਂ ਨੀਰਸ ਅੱਖਾਂ ਕਦੇ ਏਨੀਆਂ ਚਮਕਦਾਰ ਅਤੇ ਰਸ ਨਾਲ ਭਰੀਆਂ ਹੋਈਆਂ ਸਨ, ਇਨ੍ਹਾਂ ਅੱਖਾਂ ਵਿਚ ਕਦੇ ਸ਼ਰਮ, ਕੌਤਕ-ਭਰਪੂਰ ਅਤੇ ਹੁਲਾਸ ਦਾ ਮਿਲਵਾਂ ਪ੍ਰਭਾਵ ਸੀ, ਇਹ ਸੁੱਕੇ ਤੇ ਪੱਪਰੀ ਜੰਮੇ ਹੋਂਠ ਵੀ ਕਦੇ ਏਨੇ ਰਸੀਲੀ ਅਤੇ ਸ਼ਰਮ ਭਰਪੂਰ ਮੁਸਕ੍ਰਾਹਟ ਬਿਖੇਰ ਸਕਦੇ ਸਨ, ਲਟਕਦੀਆਂ ਅਤੇ ਝੁਰੜੀਆਂ ਭਰੀਆਂ ਇਹ ਗਲ੍ਹਾਂ ਸਿਰਫ ਤੇਰਾਂ ਸਾਲ ਪਹਿਲਾਂ ਜਵਾਨੀ ਦੀ ਸ਼ਰਾਬ ਨਾਲ ਇਸ ਤਰ੍ਹਾਂ ਭਰੀਆਂ ਹੋਈਆਂ ਸਨ। ਹਾਏ! ਕਿੰਨੀ ਤਬਦੀਲੀ ਆ ਗਈ। ਕਿਹੋ ਜਹੇ ਦਿਨ ਸਨ ਉਹ! ਜੁਆਨੀ ਦੀ ਮਸਤੀ ਨਾਲ ਭਰੇ ਹੋਏ, ਆਉਣ ਵਾਲੇ ਦਿਨਾਂ ਦੀ ਮਿੱਠੀ ਅਤੇ ਸੁੱਖ-ਭਰੀ ਕਲਪਨਾਂ ਦੇ ਭਾਰ ਨਾਲ ਅਲਸਾਏ ਹੋਏ! ਅਤੇ ਤਾਂ ਹੀ ਨਿਰਮਲਾ ਨੂੰ ਉਨ੍ਹਾਂ ਦਿਨਾਂ ਵਿਚੋਂ ਇਕ ਦਿਨ ਯਾਦ ਆ ਜਾਂਦਾ ਜਦ ਮਾਂ ਨੇ ਉਸਨੂੰ ਸਕੂਲ ਜਾਣ ਤੋਂ ਮਨ੍ਹਾ ਕਰ ਦਿਤਾ ਸੀ, ਸਾਰੇ ਘਰ ਦੀ ਸਫਾਈ ਕੀਤੀ ਗਈ ਸੀ, ਮੇਜ਼ਾਂ ਤੇ ਨਵੇਂ ਪੋਜ਼ਪੋਸ਼, ਕੁਰਸੀਆਂ ਤੇ ਨਵੀਆਂ ਗੱਦੀਆਂ ਅਤੇ ਪਲੰਘ ਤੇ ਨਵੀਂ ਚਾਦਰ, ਨਵੇਂ ਗਿਲਾਫ ਵਿਛਾਏ ਗਏ ਸਨ, ਦਰਵਾਜ਼ੇ ਤੇ ਖਿੜਕੀਆਂ ਦੇ ਪਰਦੇ ਵੀ ਧੋਤੇ ਗਏ ਸਨ, ਬੈਠਕ ਨੂੰ ਇਕ ਨਵਾਂ ਰੂਪ ਦੇ ਦਿਤਾ ਗਿਆ ਸੀ ਅਤੇ ਉਸਨੂੰ ਦੱਸਿਆ ਗਿਆ ਸੀ ਕਿ ਉਸ ਨੂੰ ਵੇਖਣ ਲਈ ਉਸ ਦਾ ਹੋਣ ਵਾਲਾ ਲਾੜਾ ਆ ਰਿਹਾ ਸੀ। ਕਿੰਨੀ ਸ਼ਰਮਾਈ ਸੀ ਉਹ ਉਸ ਦਿਨ ਅਤੇ ਸ਼ਰਮ ਨਾਲ ਸੁਕੜੀ-ਸਿਮਟੀ ਹੌਲੇ ਕਦਮੀਂ ਜਦ ਉਹ ਬੈਠਕ ਵਿਚ ਜਾ ਕੇ ਕੁਰਸੀ ਤੇ ਬੈਠੀ ਸੀ ਤਾਂ ਉਸ ਨੂੰ ਲੱਗਿਆ ਸੀ ਜਿਵੇਂ ਉਹ ਧਰਤੀ ਵਿਚ ਧੱਸਦੀ ਜਾ ਰਹੀ ਹੋਵੇ। ਉਸ ਦੀਆਂ ਅੱਖਾਂ ਫਰਸ਼ ਤੇ ਗੱਡੀਆਂ ਹੋਈਆਂ ਸਨ, ਪਰ ਉਸਨੂੰ ਚੰਗੀ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਕਿ ਕੋਈ ਦੋ ਅੱਖਾਂ ਉਸਨੂੰ ਚੁੱਪ ਕੀਤੀਆਂ ਤੱਕ ਰਹੀਆਂ ਹਨ ਅਤੇ ਉਸਦੇ ਦਿਲ ਵਿਚ ਹਲਕੀਆਂ ਹਲਕੀਆਂ ਸੂਈਆਂ ਜਿਹੀਆਂ ਚੁਭਣ ਲੱਗੀਆਂ ਸਨ। ਫਿਰ ਨਾ ਜਾਣੇ ਕਿਵੇਂ ਹੌਂਸਲਾ ਕਰਕੇ ਉਸ ਨੇ ਇਕ ਪਲ ਨੂੰ ਆਪਣੀਆਂ ਭਾਰੀ ਭਾਰੀ ਪਲਕਾਂ ਉਠਾ ਕੇ ਸਾਹਮਣੇ ਦੇਖਿਆ ਸੀ ਅਤੇ ਹੱਸਦੀਆਂ ਹੋਈਆਂ ਦੋ ਅੱਖਾਂ ਦੀ ਦ੍ਰਿਸ਼ਟੀ ਤੋਂ ਸ਼ਰਮਾ ਕੇ ਉਹ ਹੋਰ ਵੀ ਸਿਮਟ ਗਈ ਸੀ, ਨਜ਼ਰ ਹੋਰ ਵੀ ਡੂੰਘੀ ਜ਼ਮੀਨ ਵਿਚ ਗੱਡੀ ਗਈ ਸੀ, ਦੋਨੋਂ ਗੱਲ੍ਹਾਂ ਇਕ ਦਮ ਲਾਲ ਅੰਗਾਰਿਆਂ ਦੀ ਤਰ੍ਹਾਂ ਭਖ ਉਠੀਆਂ ਸਨ ਅਤੇ ਉਸ ਇਕ ਪਲ ਹੀ ਉਸਨੂੰ ਲੱਗਿਆ ਸੀ ਜਿਵੇਂ ਉਸਦੀ ਜੁਆਨੀ ਦੇ ਸਾਰੇ ਸੁਪਨੇ ਸਾਕਾਰ ਹੋ ਉਠੇ ਹਨ। ਉਸ ਇਕ ਪਲ ਵਿਚ ਉਸਨੇ ਜੋ ਤਸਵੀਰ ਦੇਖੀ ਸੀ ਕੀ ਉਸ ਤੋਂ ਵੱਧ ਸੁਹਣਾ ਹੋਰ ਕੁਝ ਦੇਖਣ ਦੀ ਉਸਨੇ ਕਦੀ ਤਮੰਨਾ ਵੀ ਕੀਤੀ ਸੀ ? ਕਿੰਨਾ ਸੁੰਦਰ ਰੂਪ ਸੀ—ਵਧੀਆ ਸੰਭਾਲੇ ਚਮਕੀਲੇ ਕਾਲੇ ਵਾਲ, ਹੱਸਦੀਆਂ ਮੋਟੀਆਂ ਮੋਟੀਆਂ ਅੱਖਾਂ, ਚਿੱਟਾ ਰੰਗ, ਮੁਸਕ੍ਰਾਹਟ 'ਚ ਭਿੱਜੇ ਹੋਏ ਦੋ ਹੋਂਠ ਅਤੇ ਹੋਂਠਾਂ ਦੇ ਉਪਰ ਪਤਲੀ ਪਤਲੀ ਛਾਂਟੀ ਹੋਈ ਮੁੱਛਾਂ ਦੀ ਕਾਲੀ ਲਕੀਰ, ਗੱਠਿਆ ਹੋਇਆ ਸਰੀਰ ਅਤੇ ਉਸ ਸਰੀਰ ਨੂੰ ਸਜਾਉਂਦਾ ਹੋਇਆ ਨੀਲੀਆਂ ਧਾਰੀਆਂ ਵਾਲਾ ਸੂਟ, ਅਤੇ ਸੂਟ ਨਾਲ ਮੇਲ ਖਾਂਦੀ ਹੋਈ ਟਾਈ - ਨਿਰਮਲਾ ਦੇ ਮਨ ਵਿਚ ਅਲਸਾਈਆਂ ਅਲਸਾਈਆਂ ਜਿਹੀਆਂ ਲਹਿਰਾਂ ਤਰੰਗ ਵਿਚ ਆ ਗਈਆਂ ਇਹ ਸਭ ਕੁਝ ਦੇਖ ਕੇ।

ਅਤੇ ਅਗਲੇ ਮਹੀਨੇ ਹੀ ਕਮਲ ਨਾਲ ਉਸਦੀ ਸ਼ਾਦੀ ਹੋ ਗਈ ਸੀ। ਅਤੇ ਸ਼ਾਦੀ ਤੋਂ ਪਿਛਲੇ ਉਹ ਦਿਨ ਨਿਰਮਲਾ ਦੀ ਜ਼ਿੰਦਗੀ ਦੇ ਸ਼ਹਿਦ ਦੀ ਮਿਠਾਸ ਵਰਗੇ ਦਿਨ ਸਨ। ਚਾਰੇ ਪਾਸੇ ਹਰਿਆ ਭਰਿਆ ਮੌਸਮ, ਜਿਧਰ ਦੇਖੋ ਰੰਗ-ਬਿਰੰਗੇ ਫੁੱਲ। ਕਿਤੇ ਕੋਈ ਸੋਕਾ ਨਹੀਂ, ਕਿਤੇ ਕੰਡਿਆਂ ਦੀ ਚੁਭਣ ਨਹੀਂ, ਨਿਰਮਲਾ ਸੋਚਦੀ ਉਸ ਤੋਂ ਵੱਧ ਕਿਹੜੀ ਔਰਤ ਖੁਸ਼ ਹੋਵੇਗੀ! ਕਮਲ ਦੇ ਦਿਲ ਦੀ ਹੀ ਉਹ ਇਕੱਲੀ ਰਾਣੀ ਨਹੀਂ ਸੀ ਸਗੋਂ ਆਪਣੇ ਉਸ ਛੋਟੇ ਜਿਹੇ ਘਰ ਦੀ ਇਕੱਲੀ ਮਾਲਕ ਸੀ ਉਹ। ਘਰ ਵਿਚ ਨਾ ਸੱਸ, ਨਾ ਸਹੁਰਾ, ਨਾ ਦਿਉਰ-ਜੇਠ ਤੇ ਨਾ ਨਣਦ। ਬੱਸ ਕਮਲ ਦੇ ਚਾਚਾ ਅਤੇ ਚਾਚੀ ਸਨ ਜਿਨ੍ਹਾਂ ਨੇ ਉਸਨੂੰ ਪੜ੍ਹਾਇਆ ਸੀ। ਪੜ੍ਹ ਲਿਖ ਕੇ ਕਮਲ ਜਦ ਨੌਕਰ ਹੋ ਗਿਆ ਅਤੇ ਦੂਜੇ ਸ਼ਹਿਰ ਵਿਚ ਇਕੱਲਾ ਰਹਿਣ ਲੱਗਾ ਸੀ ਤਾਂ ਉਸ ਦਾ ਵਿਆਹ ਕਰਕੇ ਜਿਵੇਂ ਉਹ ਆਪਣੇ ਆਖਰੀ ਕਰਜ਼ੇ ਤੋਂ ਮੁਕਤ ਹੋ ਗਏ ਸਨ। ਅਤੇ ਹੁਣ ਇਸ ਛੋਟੀ ਜਿਹੀ ਗ੍ਰਹਿਸਥੀ ਵਿਚ ਸਿਰਫ ਉਹ ਦੋਵੇਂ ਸਨ - ਇਕ ਰਾਜਾ ਤੇ ਇਕ ਰਾਣੀ। ਅਤੇ ਨਿਰਲਮਾ ਨੂੰ ਲੱਗਦਾ ਜਿਵੇਂ ਉਸਦੇ ਛੋਟੇ ਜਿਹੇ ਸੰਸਾਰ ਵਿਚ ਤਿੰਨੇ ਲੋਕ ਸਮਾ ਗਏ ਹਨ।

ਵਿਆਹ ਦੇ ਸਾਲ ਭਰ ਪਿਛੋਂ ਹੀ ਜਦ ਉਸਦੇ ਪਹਿਲੇ ਪ੍ਰਸੂਤ ਦੇ ਦਿਨ ਨੇੜੇ ਆ ਗਏ ਸਨ ਤਾਂ ਕਮਲ ਉਸਦਾ ਕਿੰਨਾ ਖਿਆਲ ਰੱਖਦਾ! ਉਸਦੀ ਹਰ ਇੱਛਾ ਪੂਰੀ ਕਰਨ ਨੂੰ ਸਦਾ ਤਿਆਰ ਰਹਿੰਦਾ ਖਾਣ ਲਈ ਤਰ੍ਹਾ ਤਰ੍ਹਾਂ ਦੇ ਫਲ ਮੇਵੇ ਲਿਆਉਂਦਾ ਕੋਈ ਕੰਮ ਨਾ ਕਰਨ ਦਿੰਦਾ ਰੋਟੀ ਬਣਾਉਣ ਅਤੇ ਘਰ ਦੇ ਹੋਰ ਕੰਮਾਂ ਲਈ ਉਸਨੇ ਇਕ ਨੌਕਰਾਣੀ ਰਖ ਲਈ ਸੀ ਚਾਚਾ ਜੀ ਦੀ ਚਿਠੀ ਆਈ ਸੀ ਤੇ ਬਹੂ ਨੂੰ ਉਹਨਾਂ ਕੋਲ ਛੱਡ ਜਾਉ - ਅਜੇਹੀ ਹਾਲਤ ਵਿਚ ਪ੍ਰਦੇਸ ਵਿਚ ਇਕੱਲਿਆਂ ਰਹਿਣਾ ਠੀਕ ਨਹੀਂ—ਉਧਰ ਨਿਰਮਲਾ ਦੇ ਮਾਂ ਪਿਉ ਵੀ ਨਿਰਮਲਾ ਨੂੰ ਬੁਲਾ ਰਹੇ ਸਨ ਪਰ ਕਮਲ ਨੇ ਕਿਸੇ ਦੀ ਨਾ ਸੁਣੀ ਇਕ ਪਲ ਵੀ ਉਹ ਉਸਤੋਂ ਵੱਖਰਾ ਨਹੀਂ ਰਹਿਣਾ ਚਾਹੁੰਦਾ ਸੀ ਅਤੇ ਪਰਸੂਤ ਦੇ ਸਮੇਂ ਉਸਨੇ ਨਿਰਮਲਾ ਨੂੰ ਸ਼ਹਿਰ ਦੇ ਸਭ ਤੋਂ ਚੰਗੇ ਨਰਸਿੰਗ ਹੋਮ ਵਿਚ ਦਾਖਲ ਕਰਵਾ ਦਿਤਾ ਸੀ ਜਿਥੇ ਡਾਕਟਰ ਅਤੇ ਨਰਸਾਂ ਉਸਦਾ ਹਮੇਸ਼ਾ ਖਿਆਲ ਕਰਦੇ।

ਨਿਰਮਲਾ ਨੂੰ ਯਾਦ ਹੈ ਜਦ ਉਹ ਗੋਦੀ ਵਿਚ ਅੱਠ ਦਿਨਾਂ ਦੇ ਅਜੇ ਨੂੰ ਲੈ ਕੇ ਹਸਪਤਾਲ ਤੋਂ ਘਰ ਆਈ ਸੀ ਤਾਂ ਕਿੰਨੀਆਂ ਖੁਸ਼ੀਆਂ ਮਨਾਈਆਂ ਗਈਆਂ ਸਨ। ਕਿੰਨੇ ਸ਼ਗਨ ਕੀਤੇ ਗਏ ਸਨ। ਕਮਲ ਦੇ ਚਾਚਾ ਆ ਗਏ ਸਨ ਅਤੇ ਨਿਰਮਲਾ ਦੇ ਘਰ ਉਸਦੇ ਪਿਤਾ ਜੀ ਬਹੁਤ ਸਾਮਾਨ ਲੈ ਕੇ ਆਏ ਸਨ। ਤਰ੍ਹਾਂ ਤਰ੍ਹਾਂ ਦੇ ਕੱਪੜੇ, ਸਾੜ੍ਹੀਆਂ, ਬੱਚਿਆਂ ਦੇ ਕੱਪੜੇ, ਖਿਲਾਉਣੇ, ਮਠਿਆਈਆਂ, ਫਲ, ਮੇਵੇ ਅਤੇ ਹੋਰ ਨਾ ਜਾਣੇ ਕੀ ਕੀ ਲੈ ਆਏ ਸਨ ? ਨਿਰਮਲਾ ਲਈ ਖਾਸ ਉਸਦੀ ਮਾਂ ਨੇ ਆਪਣੇ ਹੱਥਾਂ ਦੇ ਬਣਾਏ ਹੋਏ ਵਧੀਆ ਘਿਉ ਦੇ ਲੱਡੂਆਂ ਦਾ ਇਕ ਪੀਪਾ ਭੇਜਿਆ ਸੀ। ਏਨਾ ਮਾਣ ਅਤੇ ਪਿਆਰ - ਨਿਰਮਲਾ ਖੁਸ਼ੀ ਵਿਚ ਫੁਲੀ ਨਹੀਂ ਸੀ ਸਮਾਉਂਦੀ।

ਪਰ ਅਜੇ ਨੂੰ ਸਾਲ ਭਰ ਦਾ ਹੋਇਆਂ ਅਜੇ ਮੁਸ਼ਕਲ ਨਾਲ ਤਿੰਨ ਮਹੀਨੇ ਹੀ ਹੋਏ ਸਨ ਕਿ ਨਿਰਮਲਾ ਦੇ ਦਿਨ ਫਿਰ ਪੂਰੇ ਹੋ ਗਏ। ਪਿਛਲੀ ਵਾਰ ਨਰਸਿੰਗ ਹੋਮ ਵਿਚ ਨਿਰਮਲਾ ਨੂੰ ਭਰਤੀ ਕਰਾਉਣ ਵੇਲੇ ਕਮਲ ਨੂੰ ਐਨਾ ਖਰਚ ਕਰਨਾ ਪਿਆ ਸੀ ਕਿ ਦੁਬਾਰਾ ਉਥੇ ਲਿਜਾਣ ਦੀ ਉਸਦੀ ਹਿੰਮਤ ਨਾ ਪਈ ਅਤੇ ਏਸ ਵਾਰ ਉਸ ਨੇ ਆਪਣੇ ਘਰ ਹੀ ਸਾਰਾ ਪ੍ਰਬੰਧ ਕਰ ਲਿਆ। ਕੰਮ ਕਾਰ ਵਿਚ ਮਦਦ ਕਰਨ ਲਈ ਉਸ ਨੇ ਆਪਣੀ ਚਾਚੀ ਨੂੰ ਬੁਲਾ ਲਿਆ ਅਤੇ ਇਕ ਦਾਈ ਦੀ ਦੇਖ ਭਾਲ ਵਿਚ ਨਿਰਮਲਾ ਨੇ ਗੀਤਾ ਨੂੰ ਜਨਮ ਦਿਤਾ ਇਕ ਤਾਂ ਦੂਜਾ ਮੌਕਾ ਹੋਣ ਕਾਰਨ, ਦੂਜਾ ਕੁੜੀ ਹੋਣ ਕਾਰਨ ਇਸ ਵਾਰ ਕੋਈ ਖਾਸ ਖੁਸ਼ੀ ਨਾ ਮਨਾਈ ਗਈ ਫਿਰ ਵੀ ਨਿਰਮਲਾ ਦੇ ਖਾਣ ਪੀਣ ਅਤੇ ਉਸਦੇ ਆਰਾਮ ਲਈ ਕਮਲ ਨੇ ਕੋਈ ਵੀ ਕਮੀ ਨਾ ਆਉਣ ਦਿਤੀ।

ਅਤੇ ਇਸ ਤਰ੍ਹਾਂ ਸਾਲ ਡੇਢ ਸਾਲ ਬਾਅਦ ਹੀ ਨਵੇਂ ਬੱਚੇ ਜੰਮਣ ਦਾ ਸਿਲਸਿਲਾ ਇਕ ਵਾਰ ਜਿਉਂ ਚਾਲੂ ਹੋਇਆ ਤਾਂ ਉਹਨੇ ਰੁਕਣ ਦਾ ਨਾਂ ਹੀ ਨਾ ਲਿਆ, ਪਹਿਲੇ ਬੱਚੇ ਨੂੰ ਨਿਰਮਲਾ ਅਜੇ ਠੀਕ ਤਰ੍ਹਾਂ ਸੰਭਾਲਣ ਯੋਗ ਵੀ ਨਾ ਹੁੰਦੀ ਕਿ ਦੂਜੇ ਦੀ ਤਿਆਰੀ ਹੋ ਜਾਂਦੀ ਅਤੇ ਕਮਲ ਹੁਣ ਇਸ ਵਿਚ ਏਨਾ ਅਭਿਆਸੀ ਹੋ ਗਿਆ ਸੀ ਕਿ ਹੌਲੀ ਹੌਲੀ ਉਹਦੀ ਅਭਿਆਸਤਾ ਉਦਾਸੀ ਵਿਚ ਬਦਲ ਗਈ। ਜਦ ਕਿ ਨਿਰਮਲਾ ਨੂੰ ਹੁਣ ਵੀ ਪਹਿਲਾਂ ਦੀ ਤਰ੍ਹਾਂ ਬੱਚੇ ਨੂੰ ਨੌਂ ਮਹੀਨੇ ਗਰਭ ਵਿਚ ਰੱਖਣਾ ਪੈਂਦਾ, ਪਰਸੂਤ ਸਮੇਂ ਉਸਦੀ ਪੀੜ ਵੀ ਘੱਟ ਨਾ ਹੁੰਦੀ ਪਰ ਹੁਣ ਉਸਦੀ ਏਨੀ ਦੇਖਭਾਲ ਨਾ ਹੁੰਦੀ ਜਿੰਨੀ ਅਜੇ ਦੇ ਜਨਮ ਵੇਲੇ ਹੋਈ ਸੀ। ਬੱਚਾ ਪੈਦਾ ਕਰਨਾ ਜਿਵੇਂ ਔਰਤ ਦਾ ਸਾਧਾਰਨ ਧਰਮ ਹੈ ਅਤੇ ਇਸ ਵਿਚ ਨਿਰਮਲਾ ਦੀ ਜਿਵੇਂ ਕੋਈ ਵਿਸ਼ੇਸ਼ਤਾ ਨਹੀਂ ਹੈ—ਕਮਲ ਨੇ ਸਮਝ ਲਿਆ ਸੀ ਅਤੇ ਜਦ ਉਸਦੇ ਦਿਨ ਪੂਰੇ ਹੋਣ ਲੱਗਦੇ

(ਬਾਕੀ ਪੰਨਾ 11 ਤੇ)

ਸਾ ਹਿ ਤ ਦ ਰ ਪ ਣ

(ਪੰਨਾ 10 ਦੀ ਬਾਕੀ)

ਕਮਲ ਜਾਂ ਤਾਂ ਚਾਚੀ ਨੂੰ ਬੁਲਵਾ ਲੈਂਦਾ ਅਤੇ ਕਿਉਂਕਿ ਚਾਚੀ ਵੀ ਵਾਰ ਵਾਰ ਆਪਦੀ ਗ੍ਰਹਿਸਥੀ ਨੂੰ ਛੱਡ ਕੇ ਆ ਨਹੀਂ ਸੀ ਸਕਦੀ ਇਸ ਲਈ ਉਹ ਖਾਣਾ ਆਦਿ ਬਨਾਉਣ ਲਈ ਆਰਜ਼ੀ ਤੌਰ ਤੇ ਨੌਕਰਾਣੀ ਰਖ ਲੈਂਦਾ। ਪਰ ਨੌਕਰਾਣੀ ਉਤੇ ਵੀ ਤਾਂ ਘਰ ਦਾ ਸਾਰਾ ਭਾਰ ਨਹੀਂ ਪਾਇਆ ਜਾ ਸਕਦਾ ਸੀ, ਆਖਰ ਦੂਜੇ ਵੀ ਛੋਟੇ ਛੋਟੇ ਬੱਚਿਆਂ ਦੀ ਦੇਖ ਭਾਲ ਕਰਨੀ ਹੈ, ਇਸ ਲਈ ਨਿਰਮਲਾ ਪੂਰੇ ਦਿਨਾਂ ਵਿਚ ਵੀ ਘਰ ਦੇ ਅਨੇਕਾਂ ਕੰਮਾਂ ਵਿਚ ਜੁਟੀ ਰਹਿੰਦੀ। ਅਤੇ ਅਜਿਹੇ ਹੀ ਕੰਮ ਕਰਦਿਆਂ ਕਰਦਿਆਂ ਜਦ ਨਿਰਮਲਾ ਨੂੰ ਪਰਸੂਤ ਦੀਆਂ ਪੀੜਾਂ ਸ਼ੁਰੂ ਹੋਣ ਲਗਦੀਆਂ ਤਾਂ ਉਹ ਅੰਦਰ ਡਾਹੇ ਮੰਜੇ ਤੇ ਜਾ ਕੇ ਪੈ ਜਾਂਦੀ ਅਤੇ ਕਿਸੇ ਨੂੰ ਭੇਜ ਕਿ ਗੁਆਂਢ ਵਿਚੋਂ ਲੱਛੋ ਤਾਈ ਨੂੰ ਬੁਲਵਾ ਲੈਂਦੀ ਦਾਈ ਵੀ ਆ ਜਾਂਦੀ ਜਿਸ ਸਮੇਂ ਬੰਦ ਕੋਠੜੀ ਵਿਚ ਪਈ ਹੋਈ ਨਿਰਮਲਾ ਪਰਸੂਤ ਦੀਆਂ ਅਸਹਿ ਪੀੜਾਂ ਨਾਲ ਜ਼ੋਰ ਜ਼ੋਰ ਕਰਾਹ ਰਹੀ ਹੁੰਦੀ ਤਾਂ ਉਸ ਸਮੇਂ ਕਮਲ ਜਾਂ ਤਾਂ ਦਫਤਰ ਵਿਚ ਆਪਣਾ ਪੈਨ ਘਸਾ ਰਿਹਾ ਹੁੰਦਾ ਤੇ ਜੇ ਰਾਤ ਦਾ ਸਮਾਂ ਹੁੰਦਾ ਤਾਂ ਬਾਹਰ ਵਿਹੜੇ ਵਿਚ ਵਿਛਾਏ ਮੰਜੇ ਤੇ ਸਿਰ ਢਕ ਕੇ ਸੌਂ ਰਿਹਾ ਹੁੰਦਾ। ਅਤੇ ਬੱਚਾ ਹੋ ਜਾਣ ਤੋਂ ਪਿਛੋਂ ਨਿਰਮਲਾ ਕਮਜ਼ੋਰ ਸਰੀਰ ਨੂੰ ਪੂਰਾ ਆਰਾਮ ਵੀ ਨਾ ਦੇ ਸਕਦੀ ਉਹ ਉਸਨੂੰ ਫਿਰ ਗ੍ਰਹਿਸਥੀ ਦੇ ਧੰਦਿਆਂ ਵਿਚ ਜੁਟ ਜਾਣਾ ਪੈਂਦਾ। ਪੂਰੀ ਕਤਾਰ ਲੱਗੀ ਹੈ — ਕਿਸੇ ਦੇ ਦੰਦ ਨਿਕਲ ਰਹੇ ਹਨ, ਕਿਸੇ ਨੂੰ ਦਸਤ ਲੱਗੇ ਹਨ, ਕੋਈ ਬੁਖਾਰ ਨਾਲ ਪਿਆ ਹੈ ਤੇ ਕੋਈ ਭੱਜਦਿਆਂ ਭੱਜਦਿਆਂ ਡਿੱਗ ਪਿਆ ਹੈ ਅਤੇ ਉਸਦੇ ਗੋਡਿਆਂ ਵਿਚੋਂ ਅਤੇ ਸਿਰ ਤੋਂ ਖੂਨ ਵਗ ਰਿਹਾ ਹੈ ਆਖਰ ਕਿਸ ਕਿਸਨੂੰ ਸੰਭਾਲੇ ਨਿਰਮਲਾ, ਅਤੇ ਲਗਾਤਾਰ ਵਧਦੇ ਹੋਏ ਸਾਲਾਂ ਦੇ ਨਾਲ ਨਿਰਮਲਾ ਦੀ ਸੰਤਾਨ ਦੀ ਗਿਣਤੀ ਜਦ ਵਧਣ ਲੱਗੀ - ਅਤੇ ਕਮਲ ਦੇ ਵਧਦੇ ਹੋਏ ਫਿਕਰ ਨਾਲ ਉਸ ਦੀਆਂ ਪਰੇਸ਼ਾਨੀਆਂ ਵੀ ਵੱਧਦੀਆਂ ਗਈਆਂ ਅਤੇ ਉਸਦੀ ਸਿਹਤ ਦਿਨੋਂ-ਦਿਨ ਖਰਾਬ ਹੁੰਦੀ ਗਈ ਤੇ ਨਿਰਮਲਾ ਨੂੰ ਆਪਣੀ ਜ਼ਿੰਦਗੀ ਭਾਰ ਲਗਣ ਲਗੀ ਉਸਦੇ ਦਿਲ ਦਾ ਸਾਰਾ ਰੱਸ ਅਤੇ ਸਰੀਰ ਦਾ ਸਾਰਾ ਤਾਨ ਖਤਮ ਹੋ ਗਿਆ ਸੁਭਾਅ ਅਤੇ ਬੋਲੀ ਦੀ ਮਿਠਾਸ ਪਤਾ ਨਹੀਂ ਕਿਥੇ ਚਲੀ ਗਈ ਅਤੇ ਉਸਦੇ ਵਰਤਾਅ ਵਿਚ ਇਕ ਅਜੀਬ ਤਰ੍ਹਾਂ ਦਾ ਚਿੜਚਿੜਾਪਨ ਭਰ ਗਿਆ। ਰਸੋਈ ਦਾ ਸਾਰਾ ਕੰਮ ਨਿਬੇੜ ਕੇ ਅਤੇ ਕੱਪੜਿਆਂ ਦਾ ਵੱਡਾ ਸਾਰਾ ਢੇਰ ਧੋ ਕੇ, ਧੁੱਪੇ ਸੁੱਕਣੇ ਪਾ ਕੇ ਜਦੋਂ ਨਿਰਮਲਾ ਕਮਰੇ ਵਿਚ ਆਈ ਤਾਂ ਉਸ ਨੇ

ਦੇਖਿਆ ਕਿ ਉਥੇ ਚੁੱਪ ਵਰਤੀ ਹੋਈ ਹੈ। ਬਿੱਟੀ ਨੂੰ ਗੀਤਾ ਨੇ ਥਾਪੜ ਕੇ ਸੁਵਾ ਦਿੱਤਾ ਸੀ ਅਤੇ ਆਪ ਇਕ ਨੁਕਰ ਵਿਚ ਬੈਠੀ ਸਕੂਲ ਦਾ ਕੰਮ ਕਰ ਰਹੀ ਸੀ ਨੇੜੇ ਹੀ ਬੈਠਾ ਵਿਜੇ ਵੀ ਫੱਟੀ ਤੇ ਕਾਲੀ ਸਿਆਹੀ ਨਾਲ ਗਿਣਤੀ ਲਿਖ ਰਿਹਾ ਸੀ।

ਦੂਜੇ ਪਾਸੇ ਗੀਤਾ ਅਤੇ ਸੀਤਾ ਆਪਣੀਆਂ ਗੁੱਡੀਆਂ ਨਾਲ ਖੇਡਣ ਵਿਚ ਮਸਤ ਸਨ। ਨਿਰਮਲਾ ਥੱਕ ਕੇ ਬਿੱਟੀ ਦੇ ਕੋਲ ਮੰਜੀ ਤੇ ਪੈ ਗਈ ਉਸ ਦੀ ਪਿੱਠ ਤੇ ਖੁਰਕ ਹੋ ਰਹੀ ਸੀ ਪਰ ਉਸਦਾ ਹੱਥ ਉਥੇ ਠੀਕ ਤਰ੍ਹਾਂ ਨਹੀਂ ਸੀ ਪਹੁੰਚਦਾ ... "ਗੀਤਾ ਮੇਰੀ ਪਿੱਠ ਤੇ ਖਾਜ ਤਾਂ ਕਰ ਦੇ, ਆਈਂ ਬੇਟੀ- ਸਿਰਫ ਇਕ ਪਲ ਲਈ।"

ਗੀਤਾ ਹੱਥ ਵਿਚੋਂ ਕਲਮ ਉਥੇ ਹੀ ਛੱਡ ਕੇ ਮੰਜੇ ਦੀ ਬਾਹੀ ਤੇ ਆ ਬੈਠੀ ਅਤੇ ਮਾਂ ਦਾ ਬਲਾਊਜ਼ ਚੁੱਕ ਕੇ ਉਸ ਦੀ ਪਿੱਠ ਤੇ ਖਾਜ ਕਰਨ ਲੱਗੀ। ਪਤਾ ਨਹੀਂ ਉਸਦੇ ਨਿੱਕੇ ਨਿੱਕੇ ਹੱਥਾਂ ਦੀ ਛੋਅ ਨਾਲ ਜਾਂ ਉਂਝ ਹੀ ਉਸ ਦੇ ਸਰੀਰ ਦੀ ਥਕਾਵਟ ਨਾਲ ਨਿਰਮਲਾ ਦੀਆਂ ਅੱਖਾਂ ਹੌਲੀ ਹੌਲੀ ਨੀਂਦ ਨਾਲ ਬੰਦ ਹੋਣ ਲੱਗੀਆਂ। ਜਦੋਂ ਨੂੰ ਬਿੱਟੀ ਫਿਰ ਜਾਗ ਕੇ ਰੋਣ ਲਗੀ ਅਤੇ ਨਿਰਮਲਾ ਨੇ ਉਸ ਨੂੰ ਆਪਣੀ ਛਾਤੀ ਨਾਲ ਖਿਚ ਕੇ ਉਸ ਨੂੰ ਦੁੱਧ ਦੇ ਦਿੱਤਾ, ਜਿਸ ਨਾਲ ਬਿੱਟੀ ਬਿਲਕੁਲ ਚੁੱਪ ਹੋ ਗਈ ਅਤੇ ਕਮਰੇ ਵਿਚ ਫਿਰ ਸ਼ਾਂਤੀ ਵਰਤ ਗਈ। ਬਾਹਰ ਦਾ ਦਰਵਾਜ਼ਾ ਇਕ ਦਮ ਖੜਕਿਆ ਤੇ ਨਿਰਮਲਾ ਦੀ ਜਾਗ ਖੁਲ ਗਈ। "ਦੇਖੀ ਬੇਟਾ ਕੌਣ ਹੈ, ਅਜੇ ਆ ਗਿਆ ਹੋਣੈਂ ਸਕੂਲ ਤੋਂ।"

ਵਿਜੇ ਨੇ ਜਾ ਕੇ ਦਰਵਾਜ਼ਾ ਖੋਲ੍ਹਿਆ ਅਤੇ ਹਾਲ ਵਿਚ ਕਿਤਾਬਾਂ ਦਾ ਬਸਤਾ ਲਟਕਾਈ ਥਕਾਵਟ ਅਤੇ ਭੁੱਖ ਨਾਲ ਅਕਲਕਾਂਦ ਹੋਇਆ ਅਜੇ ਘਰ ਅੰਦਰ ਆ ਗਿਆ। ਕਮਰੇ ਵਿਚ ਵੜਦਿਆਂ ਹੀ ਉਸ ਨੇ ਬਸਤਾ ਇਸ ਪਾਸੇ ਸੁੱਟਿਆ ਅਤੇ ਚੀਕ ਕੇ ਬੋਲਿਆ ....."ਮਾਂ ਭੁੱਖ ਲੱਗੀ ਹੈ".....

"ਇਹ ਕਿਤਾਬਾਂ ਮੁਖਤ ਆਈਆਂ ਨੇ ਜੋ ਚੁਕ ਚੁਕ ਕੇ ਸੁੱਟੀ ਜਾ ਰਿਹਾ ਹੈ। ਸੰਭਾਲ ਕੇ ਨਹੀਂ ਰੱਖੀਆਂ ਜਾਂਦੀਆਂ ਤੈਥੋਂ"

"ਰੋਟੀ ਦੇਹ ਮਾਂ ਭੁੱਖ ਬਹੁਤ ਜ਼ੋਰ ਦੀ ਲੱਗੀ ਹੈ।"

"ਨਹੀਂ ਪਹਿਲਾਂ ਬਸਤੇ ਚੋਂ ਕਿਤਾਬਾਂ ਕੱਢ ਕੇ ਠੀਕ ਤਰ੍ਹਾਂ ਰੱਖ ਅਤੇ ਹੱਥ ਮੂੰਹ ਧੋ ਕੇ ਆ ਨਲਕੇ ਤੇ, ਫਿਰ ਮਿਲੇਗੀ ਰੋਟੀ।"

—ਨਹੀਂ ਪਹਿਲਾਂ ਰੋਟੀ ਦੇਹ — ਗੀਤਾ ਦੀ ਬੱਚੀ! ਉਠ ਕੇ ਰੋਟੀ ਦੇਹ ਮੈਨੂੰ, ਕਿਉਂ ਅੱਖਾਂ ਪਾੜ ਪਾੜ ਕੇ ਦੇਖ ਰਹੀ ਹੈਂ।

ਗੀਤਾ ਨੇ ਸਹਿਮੀ ਨਜ਼ਰ ਨਾਲ ਮਾਂ ਵੱਲ ਦੇਖਿਆ ਜਿਵੇਂ ਪੁਛ ਰਹੀ ਹੋਵੇ ਕਿ ਰੋਟੀ ਲਿਆ ਦੇਵਾਂ!

"ਖਬਰਦਾਰ ਜੇ ਕਿਸੇ ਨੇ ਰੋਟੀ ਦਿੱਤੀ ਇਸਨੂੰ। ਹੁਣ ਇਹ ਕਹਿਣਾ ਵੀ ਨਹੀਂ ਮੰਨਦਾ ਮਰਨ ਦੇਹ ਭੁੱਖਾ ਜਦ ਭੁੱਖ ਲੱਗੂ ਤਾਂ ਆਪੇ ਕਿਤਾਬਾਂ ਸੰਭਾਲੂ ਅਤੇ ਹੱਥ ਮੂੰਹ ਧੋਊ।"

ਅਜੇ ਥੋੜ੍ਹੀ ਦੇਰ ਤਾਂ ਆਕੜਿਆ ਖੜਿਆ ਰਿਹਾ ਅਤੇ ਫਿਰ ਤੇਜ਼ੀ ਨਾਲ ਬਸਤੇ ਦੇ ਕੋਲ ਜਾ ਕੇ ਬਸਤਾ ਚੁੱਕ ਕੇ ਮੇਜ਼ ਤੇ ਦੇਹ ਮਾਰਿਆ ਅਤੇ

(ਬਾਕੀ ਪੰਨਾ 7 ਤੇ)

ਸੁਰਿੰਦਰ ਧੰਜਲ ਦੀਆਂ ਨੌਂ ਨਿੱਕੀਆਂ ਕਵਿਤਾਵਾਂ

(ਆਸ਼ਾ, ਨਿਰਾਸ਼ਾ, ਸਵੈ-ਸੰਵਾਦ, ਆਤਮ ਪਛਾਣ, ਬੇਬਸੀ, ਚੁੱਪ, ਮੌਤ, ਨਿੱਜ, ਸਮੂਹ - ਜ਼ਿੰਦਗੀ ਨਾਲ ਆਦਿਕਾਲ ਤੋਂ ਸੰਬੰਧਤ ਕੁਝ ਪਰਮੁਖ ਸਥਿਤੀਆਂ/ਮਨੋਸਥਿਤੀਆਂ/ਭਾਵਨਾਵਾਂ ਹਨ। ਇਨ੍ਹਾਂ ਦਾ ਰਹੱਸ ਅਤੇ ਜਟਿਲਤਾ ਕਲਾ, ਦਰਸ਼ਨ ਅਤੇ ਮਨੋਵਿਗਿਆਨ ਖੇਤਰਾਂ ਲਈ ਬਹੁ-ਚਰਚਿਤ ਅਤੇ ਸਦੀਵੀ ਮਹੱਤਤਾ ਵਾਲੇ ਵਿਸ਼ੇ ਰਹੇ ਹਨ। ਨਿੱਕੀਆਂ ਕਵਿਤਾਵਾਂ ਵਿਚ ਇਨ੍ਹਾਂ ਵਿਸ਼ਿਆਂ ਦੇ ਰਹੱਸ/ਜਟਿਲਤਾ ਦਾ ਕਾਵਿਕ-ਸਾਧਾਰਣੀਕਰਨ ਕਰਨ ਦਾ ਯਤਨ ਕੀਤਾ ਗਿਆ ਹੈ। — ਲੇਖਕ)

ਜ਼ਿੰਦਗੀ

ਜ਼ਿੰਦਗੀ ਜੇ ਪਹੁ-ਫੁਟਾਲੇ ਜਿਹੀ ਹੋਈ
ਸੂਰਜੀ ਕਿਰਨਾਂ ਦਾ ਮੂੰਹ ਚੁੰਮਕੇ
ਚਾਨਣ ਚਾਨਣ ਹੋ ਰਹਾਂਗੇ
ਜ਼ਿੰਦਗੀ ਜੇ ਸੜਦੀ ਦੁਪਹਿਰ ਜਿਹੀ ਹੋਈ
ਗਾਹੁੰਦੇ ਰਹਾਂਗੇ ਮ੍ਰਿਗ-ਤ੍ਰਿਸ਼ਨੀ ਮਾਰੂਥਲ
ਕਿਸੇ ਸਰਦ ਝੀਲ ਦੀ ਤਲਾਸ਼ ਵਿਚ
ਜ਼ਿੰਦਗੀ ਜੇ ਸ਼ਾਮ ਜਿਹੀ ਹੋਈ
ਜਿੰਨੀ ਕੁ ਵੀ ਵਿਤ ਹੈ
ਜਗ ਪਵਾਂਗੇ ਨਿੱਕੇ ਨਿੱਕੇ ਦੀਪ ਬਣਕੇ
ਜ਼ਿੰਦਗੀ ਜੇ ਰਾਤ ਜਿਹੀ ਹੋਈ
ਕਿਸੇ ਦਿਲਕਸ਼ ਸੁਪਨੇ ਦਾ
ਕੋਈ ਟੁਕੜਾ ਤਾਂ ਆਪਣਾ ਹੋਵੇਗਾ ਹੀ...

ਮੌਤ

ਸੁਣਿਆਂ ਕੱਲ੍ਹ ਕੋਈ ਭੁੱਖਾ ਮਰਿਆ
ਮਰਨੋਂ ਪਹਿਲਾਂ ਇਓਂ ਕਹਿੰਦਾ ਸੀ :
ਭੁੱਖਿਆਂ ਦੇ ਲਈ ਮੌਤ ਤਾਂ ਇੱਕ ਵਰਦਾਨ ਹੈ ਹੁੰਦੀ
ਇਹ ਜੀਵਨ ਦੀ ਲੰਬੀ ਕੈਦ ਤੋਂ ਮੁਕਤੀ ਹੁੰਦੀ

ਮੌਤ ਮੌਤ ਵਿੱਚ ਫ਼ਰਕ ਬੜਾ ਪਰ
ਕੁਚਲੇ ਖਾਕੇ, ਹੱਡ ਤੁੜਾਕੇ —
ਡਾਕੂ ਵਾਂਗੂੰ ਰਾਈਫ਼ਲ ਫੜਕੇ —
ਫੌਜੀ ਵਾਂਗੂੰ ਸਰਹੱਦਾਂ ਦੀ ਰਾਖੀ ਕਰਕੇ —
ਵਾਂਗ ਗੁਰੀਲੇ ਰਣ ਵਿਚ ਲੜਕੇ, ਫਾਂਸੀ ਚੜ੍ਹਕੇ —
ਜਦ ਵੀ ਚਾਹੋ ਜੀਕੁਣ ਚਾਹੋ ਮਰ ਸਕਦੇ ਹੋ।

ਦਿਲ

ਕਦੇ ਅੱਖਾਂ, ਬੁੱਲ੍ਹਾਂ ਰਾਹੀਂ
ਕੋਈ ਦਿਲ 'ਚ ਵਸ ਜਾਂਦਾ ਹੈ

ਕਦੇ ਦਿਲ
ਅੱਖਾਂ, ਬੁੱਲ੍ਹਾਂ ਰਾਹੀਂ
ਬਾਹਰ ਆ ਜਾਂਦਾ ਹੈ

ਦਿਲ ਨੂੰ ਜਿੰਦਰੇ ਲਾਉਣ ਵਾਲੇ
ਨਾ ਅੰਦਰ ਵਸਦੇ ਹਨ
ਨਾ ਬਾਹਰ!

ਦਿਸ਼ਾ

ਠੀਕ ਦਿਸ਼ਾ, ਗ਼ਲਤ ਦਿਸ਼ਾ : ਦੋ ਅਸਮਾਨ-ਅੰਤਰ ਰੇਖਾਵਾਂ
ਜਦੋਂ ਕਦੇ ਵੀ ਟਕਰਾਉਂਦੀਆਂ ਹਨ
ਨਵਾਂ ਕੋਣ ਜਨਮਦਾ ਹੈ

ਕਿਸ ਦਿਸ਼ਾ ਵੱਲ ਤੁਰ ਰਹੇ ਨੇ ਮੇਰੇ ਕਦਮ ?
ਜਾਂ ਖੜੇ ਖੜੋਤੇ ਤੁਰਦੇ ਹੋਣ ਦਾ ਭਰਮ ਬੁਣਦੇ
ਦਿਨ ਗਿਣਨ ਨੂੰ ਤਾਂ ਜ਼ਿੰਦਗੀ ਨਹੀਂ ਕਹਿੰਦੇ
ਦਿਨ ਗਿਣਨ ਨੂੰ ਤਾਂ ਦਿਸ਼ਾ ਨਹੀਂ ਕਹਿੰਦੇ।

ਕਿਉਂ ਰਵਾਇਤ-ਏ-ਗ਼ਮ ਸੇ ਇਜ਼ਤਨਾਬ ਕਰਤਾ ਹੂੰ
ਕਿਉਂ ਯਹ ਆਈਨੇ ਸੇ ਭੀ ਛੁਪ ਕੇ ਰੋ ਰਹਾ ਹੂੰ ਮੈਂ

'ਕੈਨੇਡਾ ਦਰਪਣ' ਲਗਾਤਾਰ ਮਿਲ ਰਿਹਾ ਹੈ — ਕੈਨੇਡਾ ਦੇ ਬਾਕੀ ਹਫ਼ਤਾਵਾਰੀ ਅਤੇ ਪੰਦਰਵਾੜਾ ਅਖਬਾਰਾਂ ਦੇ ਮੁਕਾਬਲੇ ਵਿੱਚ ਪੱਤਰਕਾਰੀ ਦੇ ਫਰਜ਼ਾਂ ਵੱਲ ਇਸਦੀ ਪਹੁੰਚ ਵਧੇਰੇ ਗੰਭੀਰ, ਅਫਿਰਕੂ ਅਤੇ ਲੋਕ-ਪੱਖੀ ਹੈ - ਸਮੁੱਚਾ ਪ੍ਰਭਾਵ ਸੰਤੁਲਤ, ਖ਼ੂਬਸੂਰਤ ਅਤੇ ਈਮਾਨਦਾਰ ਉੱਘੜਦਾ ਹੈ!

'ਕੈਨੇਡਾ ਦਰਪਣ' ਲਈ ਨੌਂ ਨਿੱਕੀਆਂ ਕਵਿਤਾਵਾਂ ਭੇਜ ਰਿਹਾ ਹਾਂ - ਇਹ ਸਾਰੀਆਂ ਅਣਛਪੀਆਂ ਰਚਨਾਵਾਂ ਹਨ - ਛਾਪਣ ਲਈ ਵਿਚਾਰ ਲੈਣੀਆਂ ਜਦੋਂ ਕਦੇ ਵੀ ਮਨ ਬਣਿਆ ਇਕੱਠੀਆਂ ਹੀ ਛਾਪਣੀਆਂ,

ਸਾਰੇ ਮਿਤਰਾਂ ਨੂੰ ਯਾਦ

ਸਨੇਹ ਨਾਲ
ਸੁਰਿੰਦਰ ਧੰਜਲ

ਵਾਰ

ਵਾਰ ਜੇ ਮੇਰੀ ਪਿੱਠ ਦੀ ਥਾਂ
ਸੀਨੇ 'ਤੇ ਕਰਦਾ
ਮੈਂ ਖੁਦ ਨੁੱਚੜਦਾ ਦਿਲ ਕੱਢ ਕੇ
ਤੇਰੇ ਸਿਰ 'ਤੇ
ਤਾਜ ਵਾਂਗ ਰੱਖ ਦੇਣਾ ਸੀ।

ਉਦਾਸੀ

ਕਿਹੀ ਉਦਾਸ ਖੁਸ਼ੀ
ਕਿਹੀ ਪ੍ਰਸੰਨ ਦੁਰਘਟਨਾ

ਖਾਮੋਸ਼ੀ : ਕਹਿਣ ਲਈ ਕੁਝ ਬਾਕੀ ਨਹੀਂ
ਸ਼ਾਇਦ ਅਣਕਹੇ ਆਰੰਭ ਦੀਆਂ ਪੈੜਾਂ ਗੁੰਮ
ਸ਼ਬਦਾਂ ਦੀ ਮੌਤ ਕਿ ਨਵੀਂ ਸਿਰਜਣਾ ਦੀ ਆਮਦ ?

ਦੂਰ ਦਿਸਹੱਦੇ ਤੱਕ ਝੱਖੜ 'ਚ ਭਿਜਦੇ ਸਵੈ-ਟੁਕੜੇ
ਜੰਗਲ ਗੁਫਾਵਾਂ ਘੁੰਮਕੇ ਜ਼ਿਹਨ 'ਚ ਪਰਤਦੇ ਰਸਤੇ
ਸਿੱਟਾ : ਸਿਫ਼ਰ - ਇੱਕ ਅਰਥ ਭਰਪੂਰ ਨਿਰਾਰਥਕ ਅੰਕ
ਪੈੜਾਂ, ਡਾਚੀ, ਮਾਰੂਥਲ ... ... ਦਿਸ਼ਾ-ਸੰਕੇਤ

ਕਿਹੀ ਉਦਾਸ ਖੁਸ਼ੀ!
ਕਿਹੀ ਪ੍ਰਸੰਨ ਦੁਰਘਟਨਾ !!

ਚੁੱਪ

ਚੁੱਪ ਸਾਧਾਰਣ ਘਟਨਾ ਨਹੀਂ ਹੁੰਦੀ
ਚੁੱਪ ਬੁੱਲ੍ਹਾਂ 'ਚ
ਅਣਕਹੇ ਸ਼ਬਦਾਂ ਦਾ ਵਾਸ ਹੁੰਦਾ ਹੈ
ਚੁੱਪ ਪਿੱਛੇ ਖੁਸ਼ੀ ਦਾ
ਕੋਈ ਦਰਦ ਦਾ ਇਤਿਹਾਸ ਹੁੰਦਾ ਹੈ

ਵਰਤਮਾਨ, ਭੂਤ ਦਾ ਇਤਿਹਾਸ ਨਹੀਂ ਮੇਟ ਸਕਦਾ —
ਭਵਿੱਖ ਦੇ ਖਾਲੀ ਪੰਨਿਆਂ 'ਤੇ
ਸੁਨਹਿਰੀ ਚਿਤਰਾਂ ਦਾ ਵਾਅਦਾ ਤਾਂ
ਕਰ ਹੀ ਸਕਦਾ ਹੈ ...

ਸਫ਼ਰ

ਗੱਲ ਮੱਕੜੀ ਦੇ ਜਾਲੇ ਜਾਂ ਰੇਸ਼ਮ ਦੇ ਕੀੜੇ ਵਾਂਗ
ਆਪਣੇ ਆਪ 'ਚ ਸਿਮਟੇ ਰਹਿਣ ਦੀ ਨਹੀਂ
ਗੱਲ ਤਾਂ ਮਿੱਟੀ ਦੇ ਕਿਣਕੇ ਜਿਹੇ ਆਪੇ ਤੋਂ
ਬਰਫ਼ਾਨੀ ਚੋਟੀਆਂ ਤੱਕ ਪਹੁੰਚਣ ਦੀ ਹੈ

ਉਂਝ ਨਿਰੰਤਰ ਸਫ਼ਰ ਵਿਚ
ਕਦੇ ਕਦੇ ਤਾਂ ਸੜਕ ਵੀ ਆਪ ਹੀ ਹੋਈਦਾ ਹੈ
ਅਤੇ ਯਾਤਰੀ ਵੀ।

ਮਣਕੇ

ਜਿਹੜੇ ਕਹਿੰਦੇ ਸੀ ਅੰਬਰਾਂ 'ਤੇ ਫੈਲਾਂਗੇ ਕੁਝ ਬਣਕੇ
ਆਪ ਮੁਹਾਰੇ
ਓਟ ਆਲ੍ਹਣਾ ਤਜ ਨਾ ਸੱਕੇ, ਨਾ ਉੱਡੇ ਹਿੱਕ ਤਣਕੇ
ਭਰਮਾਂ ਮਾਰੇ
ਨਾ ਸ਼ਹਿਨਾਈ ਵਾਂਗੂੰ ਗੂੰਜੇ, ਨਾ ਝਾਂਜਰ ਜਿਉਂ ਛਣਕੇ
ਕੌਲੋਂ ਹਾਰੇ
ਰੁਲਦੇ ਫਿਰਨ ਧਰਤ ਤੇ ਟੁੱਟੀ ਮਾਲਾ ਦੇ ਜਿਉਂ ਮਣਕੇ
ਰੁਲਣ ਵਿਚਾਰੇ

ਸੰਸਾਰ ਦਰਪਣ

ਹੋ ਸਕਦਾ ਹੈ ਪਾਕਿਸਤਾਨ ਕਸ਼ਮੀਰ ਤੇ ਹਮਲਾ ਕਰੇ — ਰਾਜੀਵ

ਲੰਦਨ — ਸ੍ਰੀ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਯਕੀਨ ਹੈ ਕਿ ਇਕ ਸਾਲ ਦੇ ਅੰਦਰ ਪਾਕਿਸਤਾਨ ਸ਼ਾਇਦ ਭਾਰਤ ਤੇ ਹਮਲਾ ਕਰ ਦੇਵੇ।

ਇਕ ਇੰਟਰਵੀਊ ਵਿਚ ਉਹਨਾ ਕਿਹਾ ਇਹ ਵੀ ਹੋ ਸਕਦਾ ਹੈ ਕਿ ਇਹ ਹਮਲਾ ਕਸ਼ਮੀਰ ਵਿਚ ਕੀਤਾ ਜਾਵੇ।

ਜੋ ਲੋਕ ਆਜ਼ਾਦ ਹੋਣ ਦੀ ਅਥਵਾ ਪਾਕਿਸਤਾਨ ਨਾਲ ਮਿਲਨ ਦੀ ਮੰਗ ਕਰਦੇ ਹਨ ਉਨ੍ਹਾਂ ਬਾਰੇ ਬੋਲਦਿਆਂ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਸੂਬੇ ਦੀ ਸਰਕਾਰ ਉਹਨਾਂ ਅਨਸਰਾਂ ਦੀ ਹੌਸਲਾ ਅਫਜ਼ਾਈ ਕਰ ਰਹੀ ਹੈ ਜੋ ਸ਼ੁਰੂ ਤੋਂ ਭਾਰਤ ਵਿਰੋਧੀ ਹਨ।

ਪਾਕਿਸਤਾਨੀ ਕਬਜ਼ੇ ਹੇਠ ਕਸ਼ਮੀਰ ਖੇਤਰ ਵਿਚ ਪਾਕਿਸਤਾਨ ਦੀਆਂ ਫੌਜਾਂ ਅਤੇ ਹਵਾਈ ਜਹਾਜ਼ ਲੜਾਈ ਦੀਆਂ ਮਸ਼ਕਾਂ ਕਰ ਰਹੇ ਹਨ।

ਉਹਨਾਂ ਇਹ ਵੀ ਕਿਹਾ ਕਿ ਜੰਮੂ ਦੇ ਲਾਗੇ ਜਿਸ ਖੇਤਰ ਨੂੰ 'ਮੁਰਗੀ ਦੀ ਗਰਦਨ' 'ਚਿਕਨ ਨੈਕ'' ਕਿਹਾ ਜਾਂਦਾ ਹੈ ਇਹ ਹਮਲਾ ਉਸ ਥਾਂ ਤੋਂ ਹੋਵੇ ਕਿਉਂਕਿ ਸਰਹਦ ਉਤੇ ਇਹ ਇਕ ਮਹਤਵਪੂਰਨ ਜਗਾ ਹੈ।

ਅਫਗਾਨੀ ਹਵਾਈ ਹਮਲੇ ਵਿਚ ਮਰਨ ਵਾਲਿਆਂ ਦੀ ਗਿਣਤੀ 45 ਹੋ ਗਈ।

ਇਸਲਾਮਾਬਾਦ — ਪਾਕਿਸਤਾਨ ਦੇ ਇਕ ਪਿੰਡ ਉਤੇ ਹੋਏ ਇਕ ਅਫਗਾਨੀ ਹਵਾਈ ਹਮਲੇ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 45 ਹੋ ਗਈ ਹੈ।

ਇਸ ਤੋਂ ਪਹਿਲਾਂ ਪਾਕਿਸਤਾਨ ਨੇ 40 ਸ਼ਹਿਰੀਆਂ ਦੇ ਮਰਨ ਦੀ ਖਬਰ ਦਿਤੀ ਸੀ ਅਤੇ ਜਖਮੀ ਹੋਣ ਵਾਲਿਆਂ ਦੀ ਗਿਣਤੀ 60 ਦਸੀ ਗਈ ਸੀ ਜਦੋਂ ਦੋ ਅਫਗਾਨ ਮਿਗ ਜੈਟ ਹਵਾਈ ਜਹਾਜ਼ਾਂ ਨੇ ਵਜ਼ੀਰਸਤਾਨ ਦੇ ਪਿੰਡ ਅੰਗੂਰ ਅੱਡਾ ਜੋ ਕਿ ਪਾਕਿਸਤਾਨ ਅਤੇ ਅਫਗਾਨਿਸਤਾਨ ਦੀ ਸਰਹੱਦ ਦੂ ਨੇੜੇ ਹੈ ਉਤੇ ਬੰਬਾਰੀ ਕਰ ਦਿਤੀ।

ਅਫਗਾਨਿਸਤਾਨ ਦੇ ਰਾਜ ਦੂਤ ਸ੍ਰੀ ਸ਼ਰੀਫ ਫੋਲਾਦ ਨੇ ਇਸ ਖਬਰ ਨੂੰ ਬੇਬੁਨਿਆਦ ਕਿਹਾ ਹੈ।

ਪਾਕਿਸਤਾਨੀ ਸੂਤਰਾਂ ਅਨੁਸਾਰ ਇਹ ਬੰਬਾਰੀ ਇਕ ਵੱਡੀ ਸਰਹੱਦੀ ਉਲੰਘਣਾ ਹੈ।

ਪਾਕਿਸਤਾਨ ਦੇ ਪ੍ਰਧਾਨ ਜਨਰਲ ਜ਼ਿਆਵੁਲ ਹੱਕ ਨੇ ਇਸ ਬੰਬਾਰੀ ਦੀ ਇਹ ਕਹਿ ਕੇ ਨਿਖੇਧੀ ਕੀਤੀ ਹੈ ਕਿ ਅਜੇਹੀ ਕਾਰਵਾਈ ਨੂੰ ਇਕ ਵੱਡਾ ਹਮਲਾ ਕਿਹਾ ਜਾ ਸਕਦਾ ਹੈ।

ਕਰਾਚੀ ਵਿਚ ਪਤਰਕਾਰਾਂ ਨਾਲ ਬੋਲਦਿਆਂ ਉਨ੍ਹਾਂ ਕਿਹਾ ਕਿ ਇਹ ਘਟਨਾ ਅਫਸੋਸਨਾਕ ਹੈ ਅਤੇ ਅਫਗਾਨ ਸਰਕਾਰ ਕੋਲ ਰੋਸ ਪ੍ਰਗਟ ਕਰ ਦਿਤਾ ਗਿਆ ਹੈ।

ਹਾਂਡੂਰਸ ਦੇ ਹਮਲੇ ਤੇ ਵਿਚਾਰ ਲਈ ਮੀਟਿੰਗ ਦੀ ਮੰਗ

ਸੰਯੁਕਤ ਰਾਸ਼ਟਰ (ਰਾਇਟਰ)—ਨਿਕਾਰਾਗਆ ਦੇ ਹਾਂਡੂਰਾਸ ਦੇ 6 ਜੰਗੀ ਜਹਾਜ਼ਾਂ ਵਲੋਂ ਇਸ ਦੇ ਇਲਾਕਿਆਂ ਉਤੇ ਹਮਲਾ ਕਰਕੇ 3 ਵਿਅਕਤੀਆਂ ਨੂੰ ਮਾਰ ਦੇਣ ਅਤੇ 7 ਹੋਰਾਂ ਨੂੰ ਜ਼ਖਮੀ ਕਰ ਦੇਣ ਉਤੇ ਵਿਚਾਰ ਕਰਨ ਲਈ ਸੰਯੁਕਤ ਰਾਸ਼ਟਰ ਸੁਰਖਿਆ ਕੌਂਸਲ ਦੀ ਫੌਰੀ ਮੀਟਿੰਗ ਬੁਲਾਉਣ ਦੀ ਮੰਗ ਕੀਤੀ ਹੈ.



ਸ੍ਰੀ ਆਂਦਰੋਪੋਵ ਦਾ ਅੰਤਮ ਸਸਕਾਰ

ਮਾਸਕੋ—ਪਿਛਲੇ ਵੀਰਵਾਰ ਰੂਸ ਦੇ ਪ੍ਰਧਾਨ ਸ੍ਰੀ ਆਂਦਰੋਪੋਵ ਦਾ ਲੰਮੀ ਬੀਮਾਰੀ ਪਿਛੋਂ ਦੇਹਾਂਤ ਹੋ ਗਿਆ। ਉਹ 69 ਸਾਲ ਦੇ ਸਨ ਸ੍ਰੀ ਆਂਦਰੋਪੋਵ ਕੁਲ ਪੰਦਰਾਂ ਮਹੀਨੇ ਰੂਸ ਦੇ ਰਾਸ਼ਟਰਪਤੀ ਰਹੇ। ਉਹਨਾਂ ਦਾ ਸਸਕਾਰ ਮੰਗਲਵਾਰ ਨੂੰ ਕੀਤਾ ਗਿਆ। ਉਸ ਸਮੇਂ ਸੰਸਾਰ ਦੇ ਲਗਭਗ ਸੌ ਦੇਸ਼ਾਂ ਦੇ ਮੁਖੀ ਤੇ ਪ੍ਰਤੀਨਿਧ ਉਹਨਾਂ ਨੂੰ ਆਪਣਾ ਅੰਤਮ ਸਤਿਕਾਰ ਭੇਟ ਕਰਨ ਆਏ। ਭਾਰਤ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੀ ਉਹਨਾਂ ਮੁਖ ਨੇਤਾਵਾਂ ਵਿਚ ਸ਼ਾਮਲ ਸਨ।

ਸ੍ਰੀ ਆਂਦਰੋਪੋਵ ਪਿਛੇ ਆਪਣੀ ਪਤਨੀ ਇਕ ਲੜਕਾ ਅਤੇ ਇਕ ਲੜਕੀ ਛੱਡ ਗਏ ਹਨ।

ਪਰਬਤ ਸੀ ਬਰਫ ਦਾ ਇਹ, ਇਹ ਚਮਕ ਸੀ ਛਲਾਵਾ,
ਰੁੱਤ ਨੇ ਜਾਂ ਤੋਰ ਬਦਲੇ, ਪੈਰਾਂ 'ਚ ਵਹਿ ਰਿਹਾ ਹੈ .



ਰੂਸ ਦੇ ਨਵੇਂ ਲੀਡਰ ਸ੍ਰੀ ਚਰਨੈਂਕੋ

ਮਾਸਕੋ—72 ਸਾਲਾ ਕੌਨਸਤੇਤੀਂਨ ਚਰਨੈਂਕੋ ਸੋਵੀਅਤ ਕਮਿਊਨਿਸਟ ਪਾਰਟੀ ਦੇ ਨਵੇਂ ਜਨਰਲ ਸਕੱਤਰ ਸੋਮਵਾਰ ਚੁਣੇ ਗਏ। ਤਿੰਨ ਸੌ ਮੈਂਬਰੀ ਕਮੇਟੀ ਨੇ ਸ੍ਰੀ ਚਰਨੈਂਕੋ ਨੂੰ ਸਰਬ ਸੰਮਤੀ ਨਾਲ ਪਾਰਟੀ ਦਾ ਜਨਰਲ ਸਕੱਤਰ ਚੁਣਿਆ।

ਸ੍ਰੀ ਆਂਦਰੋਪੋਵ ਜਿਨ੍ਹਾਂ ਦੀ ਮ੍ਰਿਤੂ ਪਿਛਲੇ ਵੀਰਵਾਰ ਹੋਈ ਇਕੋ ਸਮੇਂ ਰੂਸ ਦੇ ਪ੍ਰਧਾਨ, ਪਾਰਟੀ ਦੇ ਜਨਰਲ ਸਕੱਤਰ ਤੇ ਫੌਜਾਂ ਦੇ ਕਮਾਂਡਰ ਸਨ। ਇਹ ਤਿੰਨੇ ਅਹੁਦੇ ਪਹਿਲਾਂ ਸ੍ਰੀ ਬਰੇਜ਼ਨੇਵ ਕੋਲ ਸਨ।

ਰੂਸ ਦੇ ਰਾਸ਼ਟਰਪਤੀ ਦੀ ਚੋਣ ਅਗਲੇ ਤਿੰਨਾਂ ਹਫਤਿਆਂ ਵਿਚ ਹੋਣ ਦੀ ਸੰਭਾਵਨਾ ਹੈ।

ਆਪਣੀ ਪਹਿਲੀ ਤਕਰੀਰ ਵਿਚ ਸ੍ਰੀ ਚਰਨੈਂਕੋ ਨੇ ਕਿਹਾ ਕਿ ਰੂਸ 'ਸਾਮਰਾਜੀਆਂ ਦੇ ਡਰਾਵਿਆਂ ਦੀ ਪਰਵਾਹ ਨਹੀਂ ਕਰਦਾ।' ਪਰ ਰੂਸ ਹਮੇਸ਼ਾਂ ਅਮਨ ਦਾ ਇੱਛਕ ਹੈ। ਉਨ੍ਹਾਂ ਕਿਹਾ ਕਿ ਪ੍ਰਮਾਣੂ ਹਥਿਆਰਾਂ ਦੀ ਹੋਂਦ ਅਮਨ ਲਈ ਖਤਰਾ ਹੈ ਪਰ ਸਰਮਾਏਦਾਰ ਦੇਸ਼ ਜਾਣਬੁਝ ਕੇ ਇਸ ਦੀ ਪ੍ਰਵਾਹ ਨਹੀਂ ਕਰ ਰਹੇ।

ਸ੍ਰੀ ਚਰਨੈਂਕੋ ਅਮਰੀਕਾ ਦੇ ਪ੍ਰਧਾਨ ਰੇਗਨ ਨਾਲੋਂ ਉਮਰ ਵਿਚ ਘੱਟ ਹਨ ਪਰ ਸਰਮਾਏਦਾਰ ਪ੍ਰੈਸ ਫਿਰ ਵੀ ਦੁਹਾਈ ਦੇ ਰਿਹਾ ਹੈ ਕਿ ਏਨੀ ਉਮਰ ਵਾਲੇ ਲੀਡਰ ਨੂੰ ਚੁਣਕੇ ਗਲਤੀ ਕੀਤੀ ਗਈ ਹੈ।

ਸ੍ਰੀ ਚਰਨੈਂਕੋ ਦਾ ਜੀਵਨ

ਸ੍ਰੀ ਚਰਨੈਂਕੋ 1931 ਵਿਚ ਕਮਿਊਨਿਸਟ ਪਾਰਟੀ ਵਿਚ ਸ਼ਾਮਲ ਹੋਏ ਜਿਸ ਵੇਲੇ ਉਹ ਕੇਵਲ 20 ਸਾਲ ਦੇ ਸਨ। ਉਨ੍ਹਾਂ ਦਾ ਜਨਮ ਇਕ ਗਰੀਬ ਕਿਸਾਨ ਪਰਵਾਰ ਵਿਚ 1911 ਨੂੰ ਹੋਇਆ। ਉਨ੍ਹਾਂ ਦੀ ਜਨਮ ਭੂਮੀ ਸਾਏਬੇਰੀਆ ਵਿਚ ਹੈ। 1930 ਵਿਚ ਉਨ੍ਹਾਂ ਲਾਲ ਫੌਜ ਵਿਚ ਵੀ ਕੰਮ ਕੀਤਾ

ਆਪਣੀ ਪੁਸਤਕ ਦੇ ਇਕ ਮੁਖ-ਬੰਧ ਵਿਚ ਉਨ੍ਹਾਂ ਲਿਖਿਆ ਹੈ ਕਿ "ਉਸ ਸਮੇਂ ਨਾ ਰੱਜ ਕੇ ਖਾਣ ਲਈ ਰੋਟੀ ਮਿਲਦੀ ਸੀ ਤੇ ਨਾ ਪਹਿਨਣ ਲਈ ਕੱਪੜੇ ਮਿਲਦੇ ਸਨ ਪਰ ਖੂਬਸੂਰਤ ਭਵਿਖ ਦੇ ਸੁਪਨੇ ਸਾਡੀਆਂ ਅੱਖਾਂ ਵਿਚ ਲਟਕਦੇ ਸਨ ਅਤੇ ਇਨ੍ਹਾਂ ਸੁਪਨਿਆਂ ਦੇ ਆਸਰੇ ਹੀ ਅਸੀਂ ਖੁਸ਼ ਸਾਂ।"

ਸ੍ਰੀ ਬਰੇਜ਼ਨੇਵ ਦੇ ਸਮੇਂ ਸ੍ਰੀ ਚਰਨੈਂਕੋ ਨੇ ਪ੍ਰਸਿੱਧੀ ਹਾਸਲ ਕੀਤੀ। ਉਹ ਇਸ ਸਮੇਂ ਪੋਲਿਟ ਬਿਊਰੋ ਦੇ ਵਿਚ ਸੁਸਲੋਵ ਤੋਂ ਪਿਛੋਂ ਪ੍ਰਸਿਧ ਸਿਧਾਂਤਕਾਰ ਵਜੋਂ ਜਾਣੇ ਜਾਂਦੇ ਹਨ। ਨਵੰਬਰ 1982 ਵਿਚ ਸ੍ਰੀ ਬਰੇਜ਼ਨੇਵ ਦੀ ਮੌਤ ਪਿਛੋਂ ਉਹ ਪੋਲਿਟ ਬਿਊਰੋ ਵਿਚ ਦੂਜੇ ਨੰਬਰ ਤੇ ਸਨ।



ਕਸ਼ਮੀਰੀ ਵੱਖਵਾਦੀ ਮਕਬੂਲ ਬੱਟ ਨੂੰ ਫਾਂਸੀ ਚੜ੍ਹਾ ਦਿੱਤਾ ਗਿਆ

ਨਵੀਂ ਦਿੱਲੀ—ਕਸ਼ਮੀਰ ਦੇ ਵੱਖਵਾਦੀ ਮੁਹੰਮਦ ਮਕਬੂਲ ਬੱਟ ਨੂੰ ਪਿਛਲੇ ਸਨਿਚਰਵਾਰ ਤਿਹਾੜ ਜੇਲ੍ਹ ਵਿਚ ਸਾਢੇ ਸੱਤ ਵਜੇ ਫਾਂਸੀ ਚੜ੍ਹਾ ਦਿਤਾ ਗਿਆ। ਮਕਬੂਲ ਬੱਟ ਤੇ ਦੋ ਕਤਲਾਂ ਦਾ ਦੋਸ਼ ਸੀ ਜੋ ਸਾਬਤ ਹੋਣ ਤੇ ਉਸਨੂੰ ਫਾਂਸੀ ਦੀ ਸਜ਼ਾ ਦਿਤੀ ਗਈ ਸੀ।

ਮਕਬੂਲ ਬੱਟ, ਕਸ਼ਮੀਰ ਲਿਬਰੇਸ਼ਨ ਫਰੰਟ ਦਾ ਬਾਨੀ ਸੀ। ਪਿਛਲੇ ਹਫਤੇ ਬਰਮਿੰਘਮ ਵਿਚ ਭਾਰਤੀ ਅਸਿਸਟੈਂਟ ਕੌਂਸਲੇਟ ਸ੍ਰੀ ਮੇਹਤਰੇ ਨੂੰ ਇਸੇ ਫਰੰਟ ਦੇ ਮੈਂਬਰਾਂ ਨੇ ਅਗਵਾ ਤੇ ਕਤਲ ਕਰ ਦਿਤਾ ਸੀ। ਉਹ ਮਕਬੂਲ ਬੱਟ ਦੀ ਰਿਹਾਈ ਦੀ ਮੰਗ ਕਰ ਰਹੇ ਸਨ।

ਦਿੱਲੀ ਵਿਚ ਪੁਲਸ ਵਲੋਂ ਹਿਫਾਜ਼ਤੀ ਕਾਰਵਾਈਆਂ ਕੀਤੀਆਂ ਹੋਈਆਂ ਹਨ। ਪੁਲਸ ਨੂੰ ਸ਼ੱਕ ਸੀ ਕਿ ਸ਼ਾਇਦ ਮਕਬੂਲ ਬੱਟ ਦੇ ਹੱਕ ਵਿਚ ਮੁਜ਼ਾਹਰੇ ਹੋਣ ਪਰ ਦਿੱਲੀ ਵਿਚ ਕੋਈ ਮੁਜ਼ਾਹਰਾ ਨਾ ਹੋਇਆ।

ਸ਼ੁਕਰਵਾਰ ਨੂੰ ਉਸਦੀ ਫਾਂਸੀ ਦੀ ਸਜ਼ਾ ਸੁਪਰੀਮ ਕੋਰਟ ਵਲੋਂ ਬਰਕਰਾਰ ਰੱਖੀ ਗਈ ਅਤੇ ਸਟੇਅ ਆਰਡਰ ਦੀ ਅਪੀਲ ਰੱਦ ਕਰ ਦਿਤੀ ਗਈ ਸੀ।

"ਮਕਬੂਲ ਬੱਟ ਨੂੰ ਸਵੇਰੇ ਸਾਢੇ ਸੱਤ ਵਜੇ ਫਾਂਸੀ ਲਾ ਦਿਤਾ ਗਿਆ ਜੋ ਸਮਾਂ ਉਸਦੇ ਵਾਰੰਟ ਤੇ ਤੇ ਲਿਖਿਆ ਹੋਇਆ ਸੀ।" ਇਕ ਜੇਲ੍ਹ ਅਧਿਕਾਰੀ ਨੇ ਨਵੀਂ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਬਾਹਰ ਪੱਤਰਕਾਰਾਂ ਨੂੰ ਦੱਸਿਆ।

ਕਿਹਾ ਜਾਂਦਾ ਹੈ ਕਿ ਬੱਟ ਨੇ ਮਰਨ ਤੋਂ ਪਹਿਲਾਂ ਨਾ ਤਾਂ ਕੋਈ ਸੁਨੇਹਾ ਦਿਤਾ ਅਤੇ ਨਾ ਹੀ ਕੋਈ ਹੋਰ ਮੰਗ ਕੀਤੀ।

ਥੈਚਰ ਟੱਬਰ ਦਾ 30 ਲੱਖ ਪੌਂਡ ਦਾ ਠੇਕਾ ਸਕੈਂਡਲ

ਸ੍ਰੀਮਤੀ ਥੈਚਰ ਦੇ ਰੋਲ ਬਾਰੇ ਸ਼ੰਕੇ

ਲੰਦਨ—ਬਰਤਾਨਵੀ ਪ੍ਰਧਾਨ ਮੰਤਰੀ ਥੈਚਰ ਦੇ ਪਤੀ ਤੇ ਪੁਤਰ ਦੀਆਂ 'ਕਾਰੋਬਾਰੀ ਸਰਗਰਮੀਆਂ' ਨੇ ਸਕੈਂਡਲ ਦੀ ਸ਼ਕਲ ਅਖਤਿਆਰ ਕਰ ਲਈ ਹੈ। ਇਸ ਵੇਲੇ ਥੈਚਰ ਪਰਵਾਰ ਦਾ ਜਿਹੜਾ ਕਾਰੋਬਾਰ ਇੰਗਲੈਂਡ ਵਿਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਉਹ ਪੱਛਮੀ ਏਸ਼ੀਆ ਦੇ ਦੇਸ਼ ਓਮਾਨ ਵਿਚ ਇਕ ਬਰਤਾਨਵੀ ਕੰਪਨੀ ਵਲੋਂ ਲਿਆ ਗਿਆ ਇਕ ਠੇਕਾ ਹੈ ਜਿਸ ਨਾਲ ਸ੍ਰੀਮਤੀ ਥੈਚਰ ਦੇ ਪੁਤਰ ਮਾਰਕ ਥੈਚਰ ਦਾ ਸਬੰਧ ਹੈ।

ਅਖਬਾਰ ਔਬਜ਼ਰਵਰ ਨੇ ਦਾਅਵਾ ਕੀਤਾ ਹੈ ਕਿ ਇਹ ਠੇਕਾ 30 ਲੱਖ ਪੌਂਡ ਦਾ ਹੈ ਤੇ ਜਿਸ ਕੰਪਨੀ ਨੂੰ ਇਹ ਠੇਕਾ ਮਿਲਿਆ ਹੈ ਉਸ ਨਾਲ ਮਾਰਕ ਥੈਚਰ ਸਬੰਧਤ ਹੈ। ਅਖਬਾਰ ਨੇ ਲਿਖਿਆ ਹੈ ਕਿ ਇਸ ਠੇਕੇ ਨਾਲ ਥੈਚਰ ਪਰਵਾਰ ਕਾਰੋਬਾਰੀ ਤੌਰ ਤੇ ਜੁੜਿਆ ਹੋਇਆ ਹੈ। ਪਾਰਲੀਮੈਂਟ ਵਿਚ ਤੇ ਪਾਰਲੀਮੈਂਟ ਦੇ ਬਾਹਰ ਪ੍ਰਧਾਨ ਮੰਤਰੀ ਥੈਚਰ ਉਤੇ ਇਸ ਗੱਲ ਲਈ ਦਬਾ ਪੈ ਰਿਹਾ ਹੈ ਕਿ ਉਹ ਉਸ ਕੰਪਨੀ ਨੂੰ ਓਮਾਨ ਦਾ ਠੇਕਾ ਲੈ ਕੇ ਦੇਣ ਵਿਚ ਆਪਣੇ ਰੋਲ ਨੂੰ ਸਪਸ਼ਟ ਕਰੇ ਕਿਉਂਕਿ ਉਸਦਾ ਪੁਤਰ ਵੀ ਉਪਰੋਕਤ ਕੰਪਨੀ ਨਾਲ ਸਬੰਧਤ ਹੈ।

ਸ੍ਰੀਮਤੀ ਥੈਚਰ ਇਸ ਬਾਰੇ ਕੋਈ ਵੀ ਟਿਪਣੀ ਕਰਨ ਤੇ ਇਸ ਆਧਾਰ ਉਤੇ ਇਨਕਾਰ ਕਰਦੇ ਆ ਰਹੇ ਹਨ ਕਿ ਉਹ ਕੇਵਲ ਪ੍ਰਧਾਨ ਮੰਤਰੀ ਵਜੋਂ ਆਪਣੇ ਕੰਮ ਲਈ ਜ਼ਿੰਮੇਵਾਰ ਹਨ। ਉਹਨਾਂ ਦਾ ਪਰਵਾਰ ਕੀ ਕਰਦਾ ਹੈ, ਇਸਦੇ ਉਹ ਜਵਾਬਦੇਹ ਨਹੀਂ। ਉਹਨਾਂ ਦੀ ਇਹ ਵੀ ਦਲੀਲ ਹੈ ਕਿ ਉਹਨਾਂ ਦੇ ਪਰਵਾਰ ਨੂੰ ਪ੍ਰਾਈਵੇਸੀ ਦਾ ਓਨਾ ਹੀ ਹੱਕ ਹੈ ਜਿੰਨਾ ਕਿਸੇ ਹੋਰ ਨੂੰ।

ਗੰਟੂਰ ਅਜਲਾਸ : ਇਸਤਰੀ ਜਾਤੀ ਨੂੰ ਹਲੂਣਾਂ ਸੱਦਾ

ਬੰਬਈ—ਆਂਧਰਾ ਪ੍ਰਦੇਸ਼ ਦੇ ਸ਼ਹਿਰ ਗੰਟੂਰ ਵਿਚ 15 ਫਰਵਰੀ ਨੂੰ ਸ਼ੁਰੂ ਹੋ ਰਹੀ ਭਾਰਤੀ ਮਹਿਲਾ ਫੈਡਰੇਸ਼ਨ ਦੀ 11ਵੀਂ ਕੌਮੀ ਕਾਨਫਰੰਸ ਦਾ ਵਿਸ਼ਾ ਹੈ: ਭੈਣੋ ਆਰਥਕ ਤੇ ਸਮਾਜੀ ਬਰਾਬਰੀ ਜਿੱਤਣ ਲਈ ਇਕਮੁਠ ਹੋ ਕੇ ਅਗੇ ਵਧੋ। ਕੌਮੀ ਏਕਤਾ ਅਤੇ ਸੰਸਾਰ ਅਮਨ ਦੀ ਰਾਖੀ ਲਈ ਅਜ ਹੀ ਮੈਦਾਨ ਵਿਚ ਨਿਤਰੋ। ਇਹ ਗੱਲ ਮਹਿਲਾ ਫੈਡਰੇਸ਼ਨ ਦੀ ਇਕ ਤਰਜਮਾਨ ਨੇ ਏਥੇ ਯੂ. ਐਨ. ਆਈ. ਨਾਲ ਇਕ ਮੁਲਾਕਾਤ ਵਿਚ ਦੱਸੀ।

ਇਹ ਕਾਨਫਰੰਸ 1975-85 ਦੇ ਇਸਤਰੀ ਦਹਾਕੇ ਵਿਚ ਹੋ ਰਹੀ ਹੈ। ਇਸ ਦਹਾਕੇ ਦਾ ਐਲਾਨ ਸੰਯੁਕਤ ਰਾਸ਼ਟਰ ਨੇ ਕਰ ਰਖਿਆ ਹੈ।

ਇਸ਼ਕ-ਕਥੂਰੀ ਜਦ ਤੋਂ ਪੁੰਗਰੀ, ਇੱਕ ਪਲ ਚੈਨ ਨਾ ਆਵੇ,
ਹਿਰਨਾਂ ਵਾਂਗੂ ਟੱਪਦੇ ਦਿਲ ਨੂੰ, ਆਪੇ ਤੂੰ ਸਮਝਾ .

ਮੇਅਰ ਰੌਸ ਸੱਚਾ ਤੇ ਪੁਲੀਸ ਸੱਚੀ ਅਮਰੀਕ ਢਿੱਲੋਂ ਤੇ ਪੰਜਾਬੀ ਕਮਿਊਨਿਟੀ ਝੂਠੀ

ਚਰਨਪਾਲ ਗਿੱਲ
ਪ੍ਰਧਾਨ - ਬੀ. ਸੀ. ਓ. ਐਫ. ਆਰ.

ਬਾਰਾਂ ਫਰਵਰੀ ਦੇ ਸਰੀ ਵਿਚ, ਮੇਅਰ ਰੌਸ ਨੇ ਬਿਆਨ ਦਿੰਦਿਆਂ ਕਿਹਾ ਕਿ ਉਸਨੂੰ ਯਕੀਨ ਨਹੀਂ ਕਿ ਪੁਲੀਸ ਨੇ ਅਮਰੀਕ ਢਿੱਲੋਂ ਨਾਲ ਜ਼ਿਆਦਤੀ ਕੀਤੀ ਹੋਵੇ ਕਿਉਂਕਿ ਉਸਨੂੰ ਪੱਕਾ ਪਤਾ ਹੈ ਕਿ ਸਰੀ ਦੀ ਪੁਲੀਸ ਕਾਨੂੰਨ ਦੀ ਉਲੰਘਣਾ ਨਹੀਂ ਕਰਦੀ। ਜਿਹੜੀ ਬੀ. ਸੀ. ਸੰਘਰਸ਼ ਸੰਮਤੀ ਨੇ ਪੁਲਸ ਦੇ ਬਰਖਲਾਫ ਸ਼ਕਾਇਤ ਦਰਜ ਕੀਤੀ ਸੀ ਉਹ ਚਰਨਪਾਲ ਗਿੱਲ ਨੇ ਚੁੱਕ ਚੁਕਾ ਕੇ ਕੀਤੀ ਸੀ ਕਿਉਂਕਿ ਉਹ ਗੋਰੇ ਲੋਕਾਂ ਨੂੰ ਮੰਗਦਾ ਨਹੀਂ।

ਸਰੀ ਡੈਲਟਾ ਟੈਕਸੀ ਡਰਾਈਵਰ ਐਸੋਸੀਏਸ਼ਨ, ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਹੋਰ ਕਈ ਪਤਵੰਤੇ ਸੱਜਣਾਂ ਦਾ ਇਸ ਮਸਲੇ ਵਾਰੇ ਸਰੀ ਗੁਰਦੁਆਰੇ ਵਿਚ ਇਕੱਠ ਹੋਇਆ ਸੀ ਜਿਸ ਵਿਚ ਅਮਰੀਕ ਢਿੱਲੋਂ ਨੇ ਸਾਰਿਆਂ ਨੂੰ ਉਸਦੇ ਸਰੀਰ ਤੇ ਨੀਲ ਪਏ ਹੋਏ ਵਿਖਾਏ। ਇਨ੍ਹਾਂ ਸੱਟਾਂ ਦੀਆਂ ਸਾਡੇ ਪਾਸ ਫੋਟੋਆਂ ਭੀ ਹਨ। ਮੇਅਰ ਰੌਸ ਨੂੰ ਕਿਥੋਂ ਸੁਪਨਾ ਆਇਆ ਕਿ ਪੁਲਸ ਨੇ ਅਮਰੀਕ ਸਿੰਘ ਨੂੰ ਕੁੱਟਿਆ ਨਹੀਂ ਤੇ ਉਹ ਕਾਨੂੰਨ ਦੀ ਉਲੰਘਣਾ ਨਹੀਂ ਕਰਦੇ ? ਰੌਸ ਸਰਾਸਰ ਪੁਲਸ ਦੀ ਮਦਦ ਕਰ ਰਿਹਾ ਹੈ। ਜਦੋਂ ਸਾਡੇ ਤਾਈਂ ਵੋਟਾਂ ਲੈਣ ਦਾ ਮਤਲਬ ਸੀ ਤਾਂ ਬਿਆਨ ਸਾਡੇ ਹੱਕ ਵਿਚ ਦੇ ਦਿੱਤਾ ਤੇ ਚੋਣਾਂ ਲਈ ਪੈਸੇ ਮੰਗਣੇ ਸਨ ਤਾਂ ਗੁਰਦੁਆਰੇ ਮੱਥਾ ਟੇਕਣ ਆ ਗਿਆ। ਇਹ ਸਾਡੇ ਨਾਲ ਉਸ ਤਰ੍ਹਾਂ ਕਰ ਰਿਹਾ ਹੈ ਜਿਵੇਂ ਰਮਦਾਸੀਆਂ ਦੇ ਵਿਹੜੇ ਹਰ ਚੋਣਾਂ ਦੇ ਦੌਰਾਨ ਵਿਚ ਖੂਹੀ ਲਗਾਣ ਦਾ ਪ੍ਰਣ ਹੁੰਦਾ ਹੈ ਪਰ ਚੋਣਾਂ ਹੁੰਦੀਆਂ ਨੂੰ 30 ਸਾਲ ਹੋ ਗਏ ਹਨ ਖੂਹੀ ਅਜੇ ਨਹੀਂ ਲੱਗੀ। ਰੌਸ ਪ੍ਰਣ ਬਹੁਤ ਕਰਦਾ ਹੈ ਪਰ ਜਦ ਅਸੀਂ ਅਸਲੀ ਮਦਦ ਭਾਲਦੇ ਹਾਂ ਤਾਂ ਚੁੱਪ ਜਾਂ ਬਰਖਿਲਾਫ ਬਿਆਨ ਦਿੰਦਾ ਹੈ। ਫੋਕੀਆਂ ਗੱਲਾਂ ਦੇ ਪਰਦੇ ਪਾਟ ਜਾਂਦੇ ਹਨ, ਅਸਲੀਅਤ ਛੁਪੀ ਨਹੀਂ ਰਹਿੰਦੀ।

ਅਸਲੀ ਗੱਲ ਇਹ ਹੈ ਕਿ ਮੇਅਰ ਰੌਸ ਸਾਨੂੰ ਦਿਲੋਂ ਨਹੀਂ ਮੰਗਦਾ। ਇਹ ਪੁਰਾਣੀ ਨੀਤੀ ਵਰਤ ਰਿਹਾ ਹੈ ਕਿ ਪਾੜੋ ਤੇ ਰਾਜ ਕਰੋ। ਸਾਡੀ ਕਮਿਊਨਿਟੀ ਨੂੰ ਪਾੜਨ ਦੀ ਇਹ ਬਹੁਤ ਕੋਸ਼ਿਸ਼ ਕਰ ਰਿਹਾ ਹੈ। ਇਸ ਨੇ ਸਟੇਟਮੈਂਟ ਦਿਤੀ ਹੈ ਕਿ ਇਸਦੇ ਪੰਜਾਬੀ ਕਮਿਊਨਿਟੀ ਵਿਚ ਭਾਈਬੰਦ ਹਨ ਜੋ ਇਸਨੂੰ ਦੱਸਦੇ ਹਨ ਕਿ ਪੰਜਾਬੀਆਂ ਨਾਲ ਨਸਲਵਾਦ ਤੇ ਧੱਕਾ ਨਹੀਂ ਹੁੰਦਾ। ਉਨ੍ਹਾਂ ਦੇ ਖਿਆਲ ਮੁਤਾਬਿਕ ਜੋ ਕੁਝ ਹੁੰਦਾ ਹੈ ਇਹ ਸਾਰਾ ਸਾਡੀ ਕਮਿਊਨਿਟੀ ਦਾ ਕਸੂਰ ਹੈ। ਕੁਝ ਲੋਕ ਆਪਣੀ ਕੌਮ ਨੂੰ ਗਿਰੀ ਹੋਈ ਸਮਝਦੇ ਹਨ। ਇਹ ਲੋਕ ਆਪਦੇ ਨਿੱਜੀ ਫਾਇਦਿਆਂ ਖਾਤਰ ਬੇਲਾ ਸਿੰਘ ਵਾਂਗ ਮੇਅਰ ਰੌਸ ਕੋਲ ਇਹ ਸਾਰਾ ਭੇਦ ਤੇ ਖੁਫੀਆ ਗੱਲਾਂ ਕਰਦੇ ਹਨ ਤੇ ਇਸਨੂੰ ਬਿਆਨ ਦੇਣ ਦਾ ਮੌਕਾ ਮਿਲ ਜਾਂਦਾ ਹੈ। ਸਾਡੀ ਕਮਿਊਨਿਟੀ ਜਥੇਬੰਦ ਵੇਖਕੇ ਇਸਨੂੰ ਕਾਂਬਾ ਚੜ੍ਹ ਰਿਹਾ ਹੈ ਤੇ ਗੱਦੀ ਖੁਸਣ ਦਾ ਭੀ ਬਹੁਤ ਡਰ ਪੈ ਰਿਹਾ ਹੈ। ਸਾਡੀ ਕਮਿਊਨਿਟੀ ਦੀ ਚੜ੍ਹਦੀ ਕਲਾ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਬਹੁ ਗਿਣਤੀ ਦੇ ਲੋਕ ਉਹ ਹਨ ਜਿਨ੍ਹਾਂ ਮੇਅਰ ਰੌਸ ਤੋਂ ਖੱਤੇ ਨਹੀਂ ਵੰਡਾਉਣੇ ਤੇ ਨਾ ਹੀ ਕੋਈ ਹੋਰ ਏਸ ਤਾਈਂ ਸੁਆਰਥ ਹੈ। ਇਹ ਮੇਅਰ ਹੋਵੇ ਜਾਂ ਕੋਈ ਹੋਰ ਜੋ ਭੀ ਸਾਡੀ ਕਮਿਊਨਿਟੀ ਦੀ ਬਰਖਲਾਫੀ ਕਰਦਾ ਹੈ ਅਸੀਂ ਉਸਦੀ ਖੁਲਮ ਖੁਲ੍ਹਾ ਤੇ ਡੱਟ ਕੇ ਬਰਖਲਾਫੀ ਕਰਾਂਗੇ।

ਪੁਲਸ ਨੇ ਅੰਦਰੂਨੀ ਪੜਤਾਲ ਕਰਕੇ ਚਾਰਜ ਲਾਏ ਹਨ। ਇਸ ਵਿਚ ਮੇਅਰ ਦਾ ਜਾਂ ਹੋਰ ਕਿਸ ਦਾ ਕੋਈ ਹੱਥ ਨਹੀਂ। ਇਸ ਗੱਲ ਦੀ ਵਧਾਈ ਦਾ ਪਾਤਰ ਉਹ ਪੁਲਸ ਅਫਸਰ ਹੈ ਜਿਸਨੇ ਇਸ ਮਸਲੇ ਦੀ ਤਫਤੀਸ਼ ਕੀਤੀ। ਬੀ. ਸੀ. ਸੰਘਰਸ਼ ਸੰਮਤੀ ਵਿਚ ਕਾਫੀ ਚੰਗੇ ਗੋਰੇ ਹਨ ਜੋ ਸਾਡੇ ਨਾਲ ਰਲਕੇ ਚਲਦੇ ਹਨ। ਜੋ ਗੋਰੇ ਸਾਨੂੰ ਘਟੀਆ ਸਮਝਦੇ ਹਨ ਤੇ ਸਾਡੇ ਨਾਲ ਬੁਰਾ ਸਲੂਕ ਕਰਦੇ ਹਨ ਉਨ੍ਹਾਂ ਨਸਲੀ ਗੋਰਿਆਂ ਦੇ ਅਸੀਂ ਮਿਤਰ ਨਹੀਂ। ਜੋ ਮੇਅਰ ਰੌਸ ਨੇ ਸਰੀ ਗੁਰਦੁਆਰੇ ਦੀ ਮਦਦ ਕੀਤੀ ਉਹ ਨੇਕ ਕੰਮ ਸੀ। ਪਰ ਇਸਦਾ ਮਤਲਬ ਇਹ ਨਹੀਂ ਇਕ ਕਮਿਊਨਿਟੀ ਦਾ ਕੰਮ ਕਰਕੇ ਸਾਨੂੰ ਉਸ ਨੇ ਮੁਲ ਲੈ ਲਿਆ ਹੈ। ਜੇ ਸਾਨੂੰ ਸਿਆਸੀ ਤੌਰ ਤੇ ਵੇਚਣਾ ਚਾਹੇ ਜਾਂ ਸਾਡੀ ਕਮਿਊਨਿਟੀ ਦੀ ਬਰਖਲਾਫੀ ਕਰੇ ਤੇ ਦੁਫਾੜ ਪਾਏ, ਅਸੀਂ ਇਹੋ ਬਰਦਾਸ਼ਤ ਨਹੀਂ ਕਰਾਂਗੇ।

'ਸਕੀਨਾ ਸਿੱਖ ਕੌਂਸਲ' ਬਨਾਉਣ ਦੀਆਂ ਤਿਆਰੀਆਂ

ਪ੍ਰਿੰਸ ਰੂਪਿਰਟ—ਇੰਡੋ-ਕੈਨੇਡੀਅਨ ਸਿਖ ਐਸੋਸੀਏਸ਼ਨ ਪ੍ਰਿੰਸ ਰੂਪਿਰਟ ਵਲੋਂ 7 ਫਰਵਰੀ, 1984 ਨੂੰ ਐਲਾਨ ਕੀਤਾ ਗਿਆ ਹੈ ਕਿ ਐਸੋਸੀਏਸ਼ਨ ਕਿੱਟੀਮੈਟ ਸਿਖ ਸੁਸਾਇਟੀ ਅਤੇ ਟੈਰੇਸ ਗੁਰੂ ਨਾਨਕ ਬਰਦਰਹੁਡ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਪ੍ਰਿੰਸ ਰੂਪਿਰਟ ਇੰਡੋ-ਕੈਨੇਡੀਅਨ ਸਿਖ ਐਸੋਸੀਏਸ਼ਨ ਨਾਲ ਮਿਲਕੇ 'ਸਕੀਨਾ ਸਿਖ ਕੌਂਸਲ' ਨਾਂ ਦੀ ਸੰਸਥਾ ਬਨਾਉਣ ਵਿਚ ਸਹਾਈ ਹੋਣ ਜੋ ਸਾਂਝੇ ਮਾਮਲਿਆਂ ਨੂੰ ਸੁਲਝਾਉਣ ਵਿਚ ਸਹਾਈ ਹੋ ਸਕੇ।

ਐਸੋਸੀਏਸ਼ਨ ਵਲੋਂ ਉਪਰੋਕਤ ਦੋਵਾਂ ਸੰਸਥਾਵਾਂ ਨੂੰ ਇਸ ਬਾਰੇ ਮਤੇ ਭੇਜੇ ਗਏ ਹਨ ਜਿਨ੍ਹਾਂ ਦੇ ਆਧਾਰ ਤੇ ਸਕੀਨਾ ਸਿਖ ਕੌਂਸਲ ਬਣਾਈ ਜਾ ਸਕਦੀ ਹੈ।

ਸਥਾਨਕ ਸਿਖ ਬੁਲਾਰੇ :

ਸ: ਹਰਭਜਨ ਸਿੰਘ ਸੰਘਾ ਨੇ ਕਿਹਾ, "ਅਜਿਹਾ ਕਦਮ ਜ਼ਰੂਰੀ ਹੈ ਤਾਂ ਕਿ ਸਾਂਝੇ ਉਦੇਸ਼ਾਂ ਦੀ ਉਨਤੀ ਅਤੇ ਪੂਰਤੀ ਹੋ ਸਕੇ ਜਿਵੇਂ ਸਾਂਝੇ ਉਦੇਸ਼ ਧਾਰਮਿਕ, ਸਭਿਆਚਾਰਕ, ਸਮਾਜਕ ਅਤੇ ਸਕੀਨਾ ਹਲਕੇ ਵਿਚ ਸਿੱਖਾਂ ਦੀ ਆਮ ਲੋੜਾਂ ਦੀ ਸਹੀ ਦੇਖ ਭਾਲ ਹੋ ਸਕੇ। ਸਕੀਨਾ ਸਿਖ ਕੌਂਸਲ ਅਜਿਹੀਆਂ ਲੋੜਾਂ ਤੇ ਇਛਾਵਾਂ ਲਈ ਜ਼ਰੂਰੀ ਸ਼ਕਤੀ ਦਾ ਕੰਮ ਦੇ ਸਕਦੀ ਹੈ।"

ਪ੍ਰਿੰਸ ਰੂਪਿਰਟ ਇੰਡੋ-ਕੈਨੇਡੀਅਨ ਸਿਖ ਐਸੋਸੀਏਸ਼ਨ ਦੇ ਇਸ ਸਮੇਂ 164 ਬਾਲਗ ਮੈਂਬਰ ਹਨ ਜਿਨ੍ਹਾਂ ਨੇ ਆਪਦੀ ਮੈਂਬਰਸ਼ਿਪ ਫੀਸ ਅਦਾ ਕਰ ਦਿੱਤੀ ਹੈ। ਹਰਭਜਨ ਸਿੰਘ ਸੰਘਾ ਅਨੁਸਾਰ ਇਹ ਏਥੋਂ ਦੀ ਸਿਖ ਵਸੋਂ ਦਾ 91 ਫੀਸਦੀ ਹੈ।

ਪ੍ਰਿੰਸ ਰੂਪਿਰਟ ਵਿਚ ਸਿੱਖਾਂ ਦੀ ਗਿਣਤੀ 400 ਹੈ ਅਤੇ ਇਸ ਸ਼ਹਿਰ ਵਿਚ ਸਿਖ ਵਸੋਂ 1948 ਤੋਂ ਆਉਣੀ ਸ਼ੁਰੂ ਹੋਈ। ਇਕ ਨਵੇਂ ਸਰਵੇਖਣ ਵਿਚ ਪ੍ਰਿੰਸ ਰੂਪਿਰਟ ਸ਼ਹਿਰ ਦੀ ਉਸਾਰੀ ਵਿਚ ਸਿਖ ਕਮਿਊਨਿਟੀ 26 ਲੱਖ ਡਾਲਰ ਦਾ ਹਿਸਾ ਪਾਉਂਦੀ ਹੈ। ਸਥਾਨਕ ਸਿਖ ਕਮਿਊਨਿਟੀ ਬਾਰੇ ਫੀਚਰ 'ਸਕੀਨਾ ਜਰਨਲ' ਵਿਚ ਸੀ. ਐਫ. ਟੀ. ਕੇ. ਟੈਲੀਵੀਯਨ ਤੇ ਜਲਦੀ ਹੀ ਦਿਖਾਇਆ ਜਾ ਰਿਹਾ ਹੈ।

ਸਕੀਨਾ ਸਿਖ ਕੌਂਸਲ ਬਾਰੇ ਜਾਣਕਾਰੀ ਸ: ਹਰਭਜਨ ਸਿੰਘ ਸੰਘਾ ਤੋਂ ਲਈ ਜਾ ਸਕਦੀ ਹੈ।

ਹਰਭਜਨ ਸਿੰਘ ਸੰਘਾ - ਸਕੱਤਰ
ਫੋਨ : ਬਿਜ਼ਨਿਸ—624-9754
ਰੈਜ਼ੀਡੈਂਸ—624-2613

ਲੰਕਾ 'ਚ ਹੜ੍ਹ 60 ਹਜ਼ਾਰ ਬੇ-ਘਰ

ਕੋਲੰਬੋ—ਪੂਰਬੀ ਪਰਾਂਤ ਵਿਚ ਆਏ ਹੜਾਂ ਨਾਲ 60 ਹਜ਼ਾਰ ਲੋਕ ਬੇਘਰ ਹੋ ਗਏ ਹਨ. ਹੜ ਪਿਛਲੇ ਦੋ ਦਿਨਾਂ ਦੀ ਭਾਰੀ ਬਾਰਸ਼ ਕਾਰਨ ਆਏ. ਝੋਨੇ ਦੀ ਫਸਲ ਤੇ ਪਸ਼ੂਆਂ ਦੀ ਹਾਨੀ ਹੋਈ ਹੈ.

ਸਰਵਿਸ ਇੰਮਪਲਾਈਜ਼ ਇੰਟਰਨੈਸ਼ਨਲ ਯੂਨੀਅਨ ਲੋਕਲ 244

ਪਿਛਲੇ ਕੁਝ ਮਹੀਨਿਆਂ ਤੋਂ ਕੰਨਸਟ੍ਰਕੱਸ਼ਨ ਐਂਡ ਜਨਰਲ ਲੇਬਰਰਜ਼ ਯੂਨੀਅਨ, ਲੋਕਲ 602 ਯੂਨੀਅਨ ਕਲੀਨਰਜ਼ ਨਾਲ ਕੁਝ ਸਮੇਂ ਤੋਂ ਇਸ ਯੂਨੀਅਨ ਵਿਚ ਸ਼ਾਮਲ ਹੋਣ ਲਈ ਗਲਬਾਤ ਕਰ ਰਹੀ ਹੈ।

ਬਹੁਤੇ ਕਲੀਨਰ ਵਰਕਰ ਜੋ ਸਫਾਈ ਦੇ ਕੰਮ ਨਾਲ ਸਬੰਧਤ ਹਨ, ਉਹ ਸਰਵਿਸ ਇੰਮਪਲਾਈਜ਼ ਇੰਟਰਨੈਸ਼ਨਲ ਯੂਨੀਅਨ, ਲੋਕਲ 244 ਦੇ ਮੈਂਬਰ ਹਨ।

ਸਾਡੇ ਅਜੋਕੇ ਕੰਨਟਰੈਕਟ ਵਿਚ ਹਰ ਕੰਮ ਅਤੇ ਸਾਰੇ ਵਿਭਾਗਾਂ ਵਿਚ ਸੀਨੀਔਰਿਟੀ ਦੇ ਹੱਕ ਸ਼ਾਮਲ ਹਨ ਜਿਵੇਂ ਪਹਿਲਾਂ ਰੱਖਿਆ ਬੰਦਾ ਅਖੀਰ ਤੇ ਲੇ-ਆਫ ਹੁੰਦਾ ਹੈ, ਸਰਵਿਸ ਦੀ ਮਿਆਦ ਅਨੁਸਾਰ ਛੁੱਟੀਆਂ ਮਿਲਦੀਆਂ ਹਨ, ਜੇ ਕੰਨਟ੍ਰੈਕਟਰ ਨੂੰ ਵੱਧ ਰੇਟ ਤੇ ਠੇਕਾ ਮਿਲਦਾ ਹੈ ਤਾਂ ਕੰਮ ਕਰਨ ਵਾਲੇ ਦੀ ਤਨਖਾਹ ਦਾ ਰੇਟ ਵੀ ਵਧਦਾ ਹੈ, ਪੱਕੀਆਂ ਛੁੱਟੀਆਂ ਦੀ ਤਨਖਾਹ ਮਿਲਦੀ ਹੈ, ਮਨੁੱਖੀ ਅਧਿਕਾਰਾਂ ਦੀ ਵਰਤੋਂ ਸ਼ਾਮਲ ਹੈ। ਜਿਥੇ ਕਿਤੇ ਵੀ ਵਿਤਕਰਾ ਹੁੰਦਾ ਹੈ ਅਤੇ ਹੋਰ ਲਾਭ ਅਤੇ ਸੁਵਿਧਾਵਾਂ ਵੀ ਸ਼ਾਮਲ ਹਨ।

ਸਭ ਤੋਂ ਵਧ ਕੇ ਸਾਡੇ ਕੰਨਟਰੈਕਟ ਵਿਚ ਤੁਹਾਡੀ ਜੌਬ ਸੁਰਖਿਅਤ ਹੈ - ਜਿਹੜੀ ਕਿ ਬੇਰੁਜ਼ਗਾਰੀ ਦੇ ਹਾਲਾਤ ਵਿਚ ਅਤੇ ਅਜੋਕੀ ਆਰਥਿਕ ਸਥਿਤੀ ਵਿਚ ਬਹੁਤ ਜ਼ਰੂਰੀ ਹੈ।

ਲੋਕਲ 602 ਦੇ ਜੈਨੀਟੋਰੀਅਲ ਕੰਨਟ੍ਰੈਕਟ ਦਾ ਲੋਕਲ 402 ਜੈਨੀਟੋਰੀਅਲ ਕੰਨਟ੍ਰੈਕਟ ਨਾਲ ਕੋਈ ਮੁਕਾਬਲਾ ਹੀ ਨਹੀਂ। ਲੋਕਲ 602 ਦੇ ਕੰਨਟ੍ਰੈਕਟ ਵਿਚ ਸੁਰੱਖਿਆ ਨਹੀਂ, ਕੋਈ ਲਾਭ ਨਹੀਂ ਅਤੇ ਕੰਮ ਦੀ ਸੁਰੱਖਿਆ ਨਹੀਂ।

ਜਿਹੜੇ ਵਰਕਰ ਅਜੇ ਯੂਨੀਅਨਾਂ ਵਿਚ ਸ਼ਾਮਲ ਨਹੀਂ ਹੋਏ, ਉਨ੍ਹਾਂ ਨੂੰ ਸ਼ਾਮਲ ਕਰਨ ਦੀ ਥਾਂ ਲੋਕਲ 602 ਯੂਨੀਅਨ ਵਿਚ ਸ਼ਾਮਲ ਕਾਮਿਆਂ ਨੂੰ ਝੂਠੇ ਲਾਰੇ ਲਾ ਕੇ ਯੂਨੀਅਨਾਂ ਤੋੜਨ ਦਾ ਕੰਮ ਕਰ ਰਹੀ ਹੈ ਅਤੇ ਕੰਪਨੀਆਂ ਦੇ ਹੱਕ ਵਿਚ ਕੰਮ ਕਰ ਰਹੀ ਹੈ।

ਲੋਕਲ 602 ਵਾਅਦੇ ਕਰ ਰਹੀ ਹੈ ਪਰ ਗਰੰਟੀ ਕੋਈ ਨਹੀਂ ਦੇ ਰਹੀ। ਬਹੁਤੇ ਲੋਕਾਂ ਨੂੰ ਪਤਾ ਹੈ ਕਿ ਜੋ ਵੀ ਯੂਨੀਅਨ ਕੰਨਟ੍ਰੈਕਟ ਕਰਦੀ ਹੈ ਉਹ ਕੰਪਨੀ ਨਾਲ ਗਲਬਾਤ ਰਾਹੀਂ ਤੈਅ ਹੁੰਦਾ ਹੈ ਅਤੇ ਉਸ ਉਤੇ ਮੈਂਬਰ ਵੋਟਾਂ ਪਾਉਂਦੇ ਹਨ।

ਤੁਹਾਨੂੰ ਪਤਾ ਹੀ ਹੈ ਕਿ ਯੂਨੀਅਨ ਦੀ ਤਾਕਤ ਇਸ ਦੇ ਮੈਂਬਰ ਹੁੰਦੇ ਹਨ। ਮੈਂਬਰਾਂ ਨੂੰ ਰਲ ਮਿਲ ਕੇ ਕੰਮ ਕਰਨਾ ਪੈਂਦਾ ਹੈ ਅਤੇ ਉਹ ਵੱਖ ਵੱਖ ਰਾਹਾਂ ਤੇ ਨਾ ਤੁਰਨ ਤਾਂ ਯੂਨੀਅਨ ਵੀ ਸ਼ਕਤੀਸ਼ਾਲੀ ਹੁੰਦੀ ਹੈ।

ਹੋਰ ਜਾਣਕਾਰੀ ਲਈ :—

ਸਰਵਿਸ ਇੰਮਪਲਾਈਜ਼ ਇੰਟਰਨੈਸ਼ਨਲ ਯੂਨੀਅਨ
ਨੂੰ ਫੋਨ ਕਰੋ
879-6771
ਡੈਨ ਰਾਇਨ ਮੈਨੇਜਰ

Immigrant Resources Project

The Immigrant Resources Project is holding its Third Annual Fund Raising dinner on Friday, February 24, 1984 at the Italian Cultural Centre, 3075 Slocan Street.

Featuring traditional Italian cuisine, Indian desserts and "ethnic" entertainment, the festivities begin at 6.30 p.m. We have kept our ticket prices at $20.00 each and they may be obtained by calling the Project office at 253-4391, local 66 or 68.

The **Immigrant Resources Project** serves non-English speaking mothers and their pre-school children. In a bilingual/bicultural environment, traditional cultures are reinforced and Canadian traditions are introduced. The funds raised at this year's dinner will be used to support our pre-school program.

ਪ੍ਰਸਨਲ ਲਾਅ ਦਾ ਖਰੜਾ ਸ਼ਰੋਮਣੀ ਕਮੇਟੀ ਨੂੰ ਪੇਸ਼

ਚੰਡੀਗੜ੍ਹ

ਅਕਾਲੀ ਆਗੂ ਗੁਰਨਾਮ ਸਿੰਘ ਤੀਰ ਨੇ ਸਿੱਖ ਪਰਸਨਲ ਲਾਅ ਦਾ ਤਿਆਰ ਕੀਤਾ ਹੋਇਆ ਬਾਕਾਇਦਾ ਖਰੜਾ ਸ਼ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਦੇ ਹਵਾਲੇ ਕਰ ਦਿੱਤਾ ਹੈ.

ਖਰੜਾ ਜਿਹੜਾ ਡਾ: ਤੀਰ ਦੀ ਅਗਵਾਈ ਵਿਚ 8 ਮੈਂਬਰੀ ਕਮੇਟੀ ਨੇ ਤਿਆਰ ਕੀਤਾ ਹੈ, ਸਿੱਖ ਨਿਆਂ-ਸੰਕਲਪ ਤੇ ਸਿੱਖ ਜੀਵਨ ਢੰਗ ਉਤੇ ਆਧਾਰਤ ਹੈ.

ਵੈਨਕੂਵਰ ਵਿਚ ਪਹਿਲਾ ਟੈਸਟ ਟਿਊਬ ਬੇਬੀ

ਵੈਨਕੂਵਰ—ਵਰਨਨ ਵਾਸੀਆਂ ਮਾਰਗਰੇਟ ਅਤੇ ਜੌਹਨ ਰੀਡ ਦੇ ਘਰ ਟੈਸਟ ਟਿਊਬ ਬੇਬੀ ਨੇ ਕ੍ਰਿਸਮਿਸ ਵਾਲੇ ਦਿਨ ਜਨਮ ਲਿਆ ਪਰ ਉਸ ਬਾਰੇ ਜਾਣਕਾਰੀ ਪਿਛਲੇ ਹਫਤੇ ਦਿਤੀ ਗਈ। ਬੱਤੀ ਸਾਲਾ ਮਾਰਗਰੇਟ ਵਰਨਨ ਵਿਚ ਬੁੱਕ-ਕੀਪਰ ਹੈ।

ਧਾਰਮਿਕ ਦਰਪਣ

ਲੱਖ ਲੱਖ ਵਧਾਈ

ਸਤਿਗੁਰੂ ਰਵੀਦਾਸ ਜੀ ਦਾ ਸੰਦੇਸ਼

ਗੁਰਦਿਆਲ ਸਿੰਘ ਭਟੋਆ(ਪ੍ਰਿੰਸ ਜਾਰਜ)



SAHIB SHRI GURU RAVIDASS JI

ਚੌਦਵੀਂ ਤੇ ਪੰਦਰਵੀਂ ਸਦੀ ਰਸਾਤਲ ਵਲ ਜਾ ਰਹੇ ਭਾਰਤ ਨੂੰ ਮਾਨਵ ਧਰਮ ਅਤੇ ਸਮਾਜਵਾਦ ਦਾ ਅਮਰ ਸੰਦੇਸ਼ ਦੇਣ ਲਈ ਸਤਿਗੁਰੂ ਰਵੀਦਾਸ ਜੀ ਦਾ ਆਗਮਨ ਇਸ ਧਰਤੀ ਉਪਰ 1376 ਈਸਵੀ ਨੂੰ ਹੋਇਆ। ਬਚਪਨ ਤੋਂ ਹੀ ਆਪ ਜੀ ਦੀ ਲਗਨ ਸਾਧੂ ਸੰਤਾਂ ਦੀ ਸੇਵਾ ਵਲ ਲਗੀ ਰਹਿੰਦੀ। ਇਸ ਸੇਵਾ ਦੀ ਲਗਨ ਕਰਕੇ ਹੀ ਪਿਤਾ ਦੀਆਂ ਝਿੜਕਾਂ ਸਹਿਣੀਆਂ ਪੈਂਦੀਆਂ ਸਨ। ਇਹਨਾਂ ਦੇ ਪਿਤਾ ਨੇ ਛੇਤੀ ਹੀ ਰਵੀਦਾਸ ਜੀ ਦੀ ਸ਼ਾਦੀ ਲੋਨਾ ਦੇਵੀ ਨਾਲ ਕਰ ਦਿਤੀ ਜੋ ਬੜੀ ਹੀ ਸਤਿਆਵਾਨ ਇਸਤਰੀ ਸੀ। ਅਤੇ ਆਪਣੇ ਪਤੀ ਦੇ ਕਹੇ ਅਨੁਸਾਰ ਜੀਵਨ ਨਿਰਬਾਹ ਕਰਦੀ ਰਹੀ। ਆਪ ਗ੍ਰਹਿਸਤੀ ਹੁੰਦੇ ਹੋਏ ਵੀ ਸੰਸਾਰਕ ਮੋਹ ਮਾਇਆ ਨੂੰ ਤਿਆਗ ਦਿਤਾ ਹੋਇਆ ਸੀ। ਉਹਨਾਂ ਨੇ ਆਪਣਾ ਸਾਰਾ ਜੀਵਨ ਨੀਚ ਸਮਝੇ ਜਾਂਦੇ ਲੋਕਾਂ ਨੂੰ ਉਪਰ ਉਠਾਉਣ ਲਈ ਲਗਾਇਆ।

ਗੁਰੂ ਰਵੀਦਾਸ ਜੀ ਨੇ ਵਿਖਾਵੇ ਦੀ ਭਗਤੀ ਕਰਮਕਾਂਡ ਸਭ ਪ੍ਰਕਾਰ ਦੇ ਭੇਖਾਂ ਅਤੇ ਪਾਖੰਡਾਂ ਦਾ ਖੰਡਨ ਕੀਤਾ। ਉਹਨਾਂ ਦੀ ਬਾਣੀ ਮਨੁਖ ਨੂੰ ਇਕ ਸੱਚਾ ਇਨਸਾਨ ਬਣਨ ਵਾਲੀ ਰਸਤਾ ਦਿਖਾਉਂਦੀ ਹੈ। ਉਸ ਸਮੇਂ ਸਮਾਜ ਭੇਦ ਭਾਵ ਤੇ ਜਾਤ ਪਾਤ ਦੀਆਂ ਦੀਵਾਰਾਂ ਵਿਚ ਘਿਰਿਆ ਹੋਇਆ ਸੀ। ਨਿਰਭਉ ਅਤੇ ਨਿਰਵੈਰ ਗੁਰੂ ਰਵੀਦਾਸ ਜੀ ਦੀਆਂ ਨਜ਼ਰਾਂ ਵਿਚ ਨਾ ਕੋਈ ਧਰਮ ਮੰਦਾ ਸੀ ਨਾ ਕੋਈ ਜਾਤੀ ਨੀਵੀਂ ਸੀ ਕਿਉਂਕਿ ਉਹਨਾਂ ਨੂੰ ਗਿਆਨ ਸੀ ਕਿ ਸਮੁੱਚਾ ਸੰਸਾਰ ਉਸ ਅਕਾਲ ਪੁਰਖ ਦਾ ਪੈਦਾ ਕੀਤਾ ਹੋਇਆ ਹੈ। ਗੁਰੂ ਜੀ ਨੇ ਕਿਸੇ ਦੇਵੀ ਦੇਵਤੇ ਦਾ ਗੁਣ ਗਾਇਣ ਨਹੀਂ ਕੀਤਾ ਆਪ ਸਿਰਫ ਨਿਰਾਕਾਰ ਦੇ ਉਪਾਸ਼ਕ ਸਨ ਇਸੇ ਕਰਕੇ ਹੀ ਉਹਨਾਂ ਦੇ ਉਪਦੇਸ਼ ਸਰਬ ਸੰਸਾਰ ਲਈ ਸਾਂਝੇ ਸਨ।

ਆਪਣੀ ਦਸਾਂ ਨਹੁੰਆਂ ਦੀ ਕਿਰਤ ਜਿਹੜੀ ਨਿਸਚੇ ਹੀ ਜੁਤੀਆਂ ਗੰਢਣਾ ਸੀ ਨਹੀਂ ਛਡੀ ਉਹਨਾਂ ਨੇ ਚੁਮਾਰ ਰਹਿ ਕੇ ਵੀ ਆਪਣੀ ਆਤਮਾ ਆਪਣੀ ਬੁਧੀ ਅਤੇ ਆਪਣੇ ਸਮਾਜਿਕ ਸਥਾਨ ਨੂੰ ਉਚਾ ਚੁਕ ਲਿਆ। ਸਗੋਂ ਉਹਨਾਂ ਨੇ ਕਿਹਾ ਜੇ ਪੰਡਤ ਵੇਦ ਪੜ੍ਹਦਾ ਹੈ ਅਮਲ ਨੀਚਾਂ ਵਾਲੇ ਕਰਦਾ ਹੈ ਠੱਗੀ ਮਾਰਦਾ ਹੈ ਹਉਮੈ ਈਰਖਾ ਅਤੇ ਕਾਮ ਕਰੋਧ ਵਿਚ ਭਰਿਆ ਹੋਇਆ ਹੈ ਉਹ ਜੁਤੀਆਂ ਗੰਢਣ ਵਾਲੇ ਸੁਚੇ ਸਚੇ ਤੇ ਨੇਕ ਕਿਰਤੀ ਨਾਲੋਂ ਕਿਵੇਂ ਉਚਾ ਜਾਂ ਸੁਚਾ ਹੋ ਸਕਦਾ ਹੈ। ਪੰਡਤਾਂ ਨੂੰ ਜਾਂ ਹੋਰ ਜਾਤ - ਅਭਿਮਾਨੀਆਂ ਨੂੰ ਹਰ ਮੁਕਾਬਲੇ ਵਿਚ ਨੀਚਾ ਦੇਖਦਾ ਪਿਆ ਤਾਂ ਉਚੇ ਵਰਗਾਂ ਦੇ ਲੋਕ ਅਤੇ ਰਾਜੇ ਰਾਣੀਆਂ ਗੁਰੂ ਰਵੀਦਾਸ ਜੀ ਨੂੰ ਪੂਜਣ ਲੱਗੇ ਪਰ ਉਹਨਾਂ ਨੇ ਚੜ੍ਹਾਵੇ ਨਹੀਂ ਕਬੂਲੇ - ਦਸਾਂ ਨਹੁੰਆਂ ਦੀ ਕਮਾਈ ਜਾਰੀ ਰੱਖੀ।

ਸਮਾਂ ਬਹੁਤ ਕੁਝ ਪਿਛੇ ਛਡ ਦਿੰਦਾ ਹੈ ਪਰ ਫਿਰ ਵੀ ਇਤਿਹਾਸ ਪਿਛਲੀਆਂ ਯਾਦਾਂ ਦੁਹਰਾਉਂਦਾ ਹੀ ਰਹਿੰਦਾ ਹੈ। ਉਹਨਾਂ ਯਾਦਾਂ ਨੂੰ ਹੀ ਸੋਚ ਕੇ ਅਸੀਂ ਸੂਝਵਾਨ ਬਣਦੇ ਹਾਂ। ਦੁਨੀਆਂ ਦਾ ਹਰ ਧਰਮ ਕਹਿੰਦਾ ਹੈ ਕਿ ਮਨੁੱਖ ਧੁਰੋਂ ਜਾਤਾਂ ਲੈ ਕੇ ਨਹੀਂ ਆਇਆ ਜਾਤਾਂ ਦੇ ਲੇਬਲ ਇਥੇ ਹੀ ਲਗਦੇ ਹਨ। ਕੌਣ ਨਹੀਂ ਜਾਣਦਾ ਕਿ ਜਨਮ ਭਿੰਨ ਭੇਦ ਅਜ ਵੀ ਪਾਏ ਜਾਂਦੇ ਹਨ - ਵੈਸੇ ਤਾਂ ਇਹ ਭਿੰਨ ਭੇਦ ਕਾਫੀ ਜ਼ੋਰਾਂ ਤੇ ਖਤਮ ਹੁੰਦਾ ਜਾ ਰਿਹਾ ਹੈ। ਕਿਉਂਕਿ ਅਜ ਵਿਦਿਆ ਕੇਵਲ ਬ੍ਰਾਹਮਣ ਹੀ ਨਹੀਂ ਪੜ੍ਹਦੇ ਸਭ ਪੜ੍ਹਦੇ ਹਨ ਕੋਈ ਚੀਜ਼ ਕਿਸੀ ਖਾਸ ਵਰਗ ਵਾਸਤੇ ਸੀਮਤ ਨਹੀਂ ਰਹੀ ਸਗੋਂ ਅਜ ਸਵਰਨ ਜਾਤੀਆਂ ਚਮੜੇ ਦਾ ਕੰਮ ਜਾਂ ਵਪਾਰ ਕਰਦੇ ਹਨ। ਉਹਨਾਂ ਨੂੰ ਕੋਈ ਅਛੂਤ ਨੀਵਾਂ ਨਹੀਂ ਕਹਿੰਦਾ। ਕਈ ਪੰਡਤ ਮੁਰਗੀਖਾਨੇ ਅਤੇ ਸੂਰਾਂ ਦੇ ਫਾਰਮਾਂ ਦਾ ਕਾਰੋਬਾਰ ਕਰਨ ਲਗ ਪਏ ਹਨ। ਉਹਨਾਂ ਦੀ ਕੋਈ ਜ਼ਾਤ ਨਹੀਂ ਬਦਲਦੀ। ਅੱਜ ਜੁਗ ਬਦਲ ਗਿਆ ਹੈ।

ਸਾਹਿਬ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਜਦ ਨਿਹਚਾ ਹੋ ਜਾਵੇ ਕਿ ਸਭ ਦਾ ਦਾਤਾ ਰਾਮ ਹੈ ਤਾਂ ਫਿਰ ਮਜ਼੍ਹਬਾਂ ਅੰਦਰ ਵੈਰ ਮੁਕ ਜਾਂਦਾ ਹੈ ਮਨੁਖ ਮਨੁਖ ਦੇ ਨੇੜੇ ਹੋ ਜਾਂਦਾ ਹੈ। ਗੁਰੂ ਨਾਨਕ ਜੀ ਦੇ ਧਰਮ ਨੇ ਸਾਰੀ ਦੁਨੀਆਂ ਨੂੰ ਗਲੰਗੜੀ ਵਿਚ ਲਿਆ ਹੈ ਨਿਖੇੜਨ ਵਾਲਾ ਧਰਮ ਗੁਰੂ ਨਾਨਕ ਦਾ ਨਹੀਂ ਹੈ। ਗੁਰੂ ਨਾਨਕ ਨੇ ਕਿਸੇ ਵੀ ਧਰਮ ਤੋਂ ਕਿਸੇ ਵੀ ਜਾਤ ਤੋਂ ਨਫਰਤ ਨਹੀਂ ਕੀਤੀ।

ਗੁਰੂ ਰਵੀਦਾਸ ਜੀ ਦੀ ਮਹਾਨਤਾ ਦਾ ਅੰਦਾਜ਼ਾ ਇਸ ਗਲ ਤੋਂ ਹੀ ਲਗਾਇਆ ਜਾ ਸਕਦਾ ਹੈ ਕਿ ਉਹਨਾਂ ਦੀ ਪਵਿਤਰ ਬਾਣੀ ਹਜ਼ੂਰ ਮਹਾਰਾਜ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਹੈ ਜਿਸ ਦੇ ਸਨਮੁਖ ਲੱਖਾਂ ਤੇ ਕਰੋੜਾਂ ਇਨਸਾਨ ਰੋਜ਼ਾਨਾ ਸੀਸ ਨਿਵਾਉਂਦੇ ਹਨ। ਈਸ਼ਵਰ ਹਰ ਪ੍ਰਾਣੀ ਅੰਦਰ ਮੌਜੂਦ ਹੈ। ਮਹਾਂਪੁਰਖਾਂ ਦਾ ਜਨਮ ਕਿਸੇ ਵੀ ਜਾਤੀ ਵਿਚ ਹੋਵੇ ਉਹਨਾਂ ਦੀ ਸਿਖਿਆ ਸਮੁਚੀ ਦੁਨੀਆਂ ਲਈ ਹੁੰਦੀ ਹੈ ਗੁਰੂ ਰਵੀਦਾਸ ਜੀ ਨੇ ਇਹ ਸਾਬਤ ਕਰ ਦਿਤਾ ਕਿ ਧਾਰਮਿਕ ਕੰਮ ਉਪਰ ਕਿਸੇ ਇਕ ਜਾਤੀ ਦਾ ਅਧਿਕਾਰ ਨਹੀਂ ਹੈ ਅਤੇ ਪਰਮਾਤਮਾ ਭਉ ਭਗਤ ਦਾ ਭੁੱਖਾ ਹੈ।

ਅਜ ਸਾਡੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਰਸਾਉਂਦੀ ਹੈ(ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ) ਸਭ ਮਨੁੱਖ ਬਰਾਬਰ ਹਨ। ਕੋਈ ਛੋਟਾ ਨਹੀਂ ਕੋਈ ਵੱਡਾ ਨਹੀਂ। ਗੁਰੂ ਗਰੰਥ ਸਾਹਿਬ ਜੀ ਵਿਚ ਤਾਂ ਇਹ ਹੀ ਉਪਦੇਸ਼ ਦਿਤਾ ਹੈ(ਸਭਨਾ ਜੀਆਂ ਕਾ ਏਕੋ ਦਾਤਾ) ਜਪੁਜੀ ਸਾਹਿਬ ਵਿਚੋਂ (ਨਾ ਕੋ ਵੈਰੀ ਨਹੀਂ ਬਗਾਨਾ ਸਗਲ ਸੰਗ ਹਮ ਕੋ ਬਨ ਆਈ) (ਏਕ ਪਿਤਾ ਏਕਸ ਕੇ ਹਮ ਬਾਰਕ)(ਅਵਲ ਅਲਾ ਨੂਰ ਉਪਾਇਆ, ਕੁਦਰਤ ਕੇ ਸਭ ਬੰਦੇ) ਗੁਰੂ ਗਰੰਥ ਸਾਹਿਬ ਜੀ ਰਹਿੰਦੀ ਦੁਨੀਆਂ ਤਕ ਇਸ ਜਾਤ ਪਾਤ ਦੇ ਸਦੀਆਂ ਪੁਰਾਣੇ ਬ੍ਰਿਛ ਨੂੰ ਤੇਜ਼ ਕੁਲਹਾੜੇ ਨਾਲ ਕਟਦੇ ਰਹਿਣਗੇ ਅਤੇ ਆਉਣ ਵਾਲੇ ਸਮੇਂ ਨੂੰ ਉਪਦੇਸ਼ ਦਿੰਦੇ ਰਹਿਣਗੇ।

ਜੇ ਸਮਾਜ ਨੇ ਇਹ ਜਾਤ ਪਾਤ ਦਿਆਂ ਦੁਖਾਂ ਤੋਂ ਛੁਟਕਾਰਾ ਪਾਉਣਾ ਹੈ ਤਾਂ ਘਟੋ ਘੱਟ ਸੋਚਣਾ ਵਿਚਾਰਨਾ ਜ਼ਰੂਰ ਪਵੇਗਾ। ਜੇ ਨਹੀਂ ਸੋਚਾਂਗੇ ਤਾਂ ਰਸਾਤਲ ਵਲ ਜਾਵਾਂਗੇ। ਦੁਨੀਆਂ ਵਿਚ ਗਲਬਾਤ ਕਰਨ ਦੇ ਜਿਤਨੇ ਅੰਗ ਹਨ ਉਹਨਾ ਸਾਰਿਆਂ ਵਿਚੋਂ ਉਪਦੇਸ਼ ਕਰਨਾ ਤੇ ਕਿਸੇ ਨੂੰ ਸਿਖਿਆ ਦੇਣੀ ਕਠਨ ਹੈ। ਨਿਰਸੰਦੇਹ ਕਿਰਤ ਦੀ ਮਹਿਮਾ ਗਾਉਣ ਵਾਲੇ ਗੁਰੂ

(ਬਾਕੀ ਪੰਨਾ/6ਤੇ)

□ ਡੀ. ਆਰ. ਧਵਨ

ਆਪਣੇ ਹੀ ਦਾਇਰੇ ਵਿੱਚ ਬੰਦ ਜੋ ਇਨਸਾਨ ਹੈ .
ਕੀ ਪਤਾ ਉਸ ਨੂੰ ਕਿ ਬਾਹਰ ਵੀ ਖੁਲ੍ਹਾ ਮੈਦਾਨ ਹੈ .
ਸੋਚ ਸੌੜੀ ਹੋ ਗਈ, ਹੋਏ ਅਪਾਹਜ ਵਲਵਲੇ,
ਹਣ ਕਿਸੇ ਦੇ ਸਿਰ ਤੇ ਭਾਰੂ ਭੁੱਖ ਦਾ ਇੱਕ ਸ਼ੈਤਾਨ ਹੈ .
ਬੰਦ ਬੂਹੇ ਆਸ ਦੇ, ਉਮੀਦ ਦਸਤਕ ਦੇ ਰਹੀ,
ਕੌਣ ਖੋਲ੍ਹੇਗਾ ਬੂਹਾ, ਘਰ ਅੰਦਰੋਂ ਵੀਰਾਨ ਹੈ .
ਤੋਰਿਆ ਬੇੜੀ ਨੂੰ ਜਦ ਮੈਂ ਹੋਰ ਦਰਿਆ ਚੜ੍ਹ ਗਿਆ,
ਆ ਗਿਆ ਤੂਫਾਨ ਵੀ ਤੇ ਦਿਲ 'ਚ ਵੀ ਤੂਫ਼ਾਨ ਹੈ .
ਸ਼ਾਮ ਦਾ ਸੂਰਜ ਵੀ ਤਾਂ ਦਿਨ ਦੇ ਚੜ੍ਹਾਅ ਵਰਗਾ ਹੀ ਸੀ,
ਫੇਰ ਪੂਰਬ ਦਾ ਤੇ ਪੱਛਮ ਦਾ ਇਹ ਕੀ ਘਸਮਾਨ ਹੈ .
ਕੌਣ ਹੈ ਛੋਟਾ ਤੇ ਵੱਡਾ ਕੌਣ ਹੈ ਕਿਸ ਨੂੰ ਖ਼ਬਰ,
ਅਸਲ ਤਾਂ ਕਿਰਦਾਰ ਹੀ ਇਨਸਾਨ ਦੀ ਪਹਿਚਾਨ ਹੈ .
ਆਦਮੀ ਹੋ ਕੇ 'ਧਵਨ' ਫਿਰ ਆਦਮੀ ਜੇ ਨਾ ਬਣੇ,
ਜ਼ਿੰਦਗੀ ਦਾ, ਪਿਆਰ ਦਾ, ਇਖ਼ਲਾਕ ਦਾ ਅਪਮਾਨ ਹੈ .

□ ਮਹਿੰਦਰ ਦੀਪ ਗਰੇਵਾਲ

ਉਹ ਕਦੀ ਕਾਲੀ ਘਟਾ, ਬਿਜਲੀ, ਹਵਾ ਬਣ ਵੇਖਦੇ .
ਉਹ ਕਦੀ ਧੁਨ, ਗੀਤ, ਸ਼ਬਦਾਂ ਦਾ ਸੁਦਾ ਬਣ ਵੇਖਦੇ .
ਰੰਗ ਵਟ ਜਾਂਦੇ, ਲਕੀਰਾਂ ਤੇ ਨਵਾਂ ਆਉਂਦਾ ਨਿਖ਼ਾਰ,
ਕਾਸ਼ ! ਉਹ ਹੱਥੀਂ ਮਿਰੇ, ਪਲ ਭਰ ਹਿਨਾ ਬਣ ਵੇਖਦੇ .
ਉਹ ਕਦੀ ਮੇਰੀ ਨਜ਼ਰ ਅਪਣੀ ਨਜ਼ਰ ਕਰ ਵੇਖਦੇ,
ਉਹ ਕਦੀ ਪਲਕਾਂ 'ਚ ਲਹਿ ਮੇਰਾ ਖ਼ੁਦਾ ਬਣ ਵੇਖਦੇ .
ਦੂਰ ਹੀ ਬੈਠੇ 'ਤੜਪ' ਨੂੰ ਵੇਖ ਕੇ ਭਰਦੇ ਹੋ ਆਹ !
ਆਹ ! ਕਦੀ ਉਸ ਤੜਪ ਦੀ ਪਲ ਭਰ ਸਦਾ ਬਣ ਵੇਖਦੇ .
ਨਾਜ਼, ਨਖ਼ਰਾ, ਦਰਦ, ਗ਼ਮ, ਤਸਵੀਰ ਬਣ ਬਣ ਵੇਖਿਐ,
ਜ਼ਲਜ਼ਲੇ, ਤੂਫ਼ਾਨ, ਲਹਿਰਾਂ ਦਾ ਉਡਾਅ ਬਣ ਵੇਖਦੇ .
ਵੇਖਿਐ, ਤੂੰ ਬਦਦੁਆ ਬਣ ਕੇ ਬੜਾ ਚਿਰ ਵੇਖਿਐ,
ਵੇਖਣਾ ਸੀ ਜੇ ਕਦੀ ਪਲ ਭਰ ਦੁਆ ਬਣ ਵੇਖਦੇ .
ਪੌਣ ਬਣਕੇ ਮੇਰਿਆਂ ਵਾਲਾਂ 'ਚ ਖੁਸ਼ਬੂ ਟੁੰਗਦੇ,
ਉਹ ਕਦੀ ਕੁਝ ਇਸ ਤਰ੍ਹਾਂ ਨ੍ਰਿਤ ਦੀ ਅਦਾ ਬਣ ਵੇਖਦੇ .
ਇੱਕ ਜ਼ੱਰੇ ਵਾਂਗ ਜੁੜ ਜੁੜ ਕੇ ਮਜ਼ਾ ਆਉਂਦਾ ਹੈ ਠੀਕ,
ਕਾਸ਼ ਟੁੱਟ ਕੇ ਵੇਖਦੇ, ਬਰਕੀ ਸੂਆ ਬਣ ਵੇਖਦੇ .

ਚਰਚਾ

ਸੁਣ ਭਾਈ ਲਾਲੋ!

ਸੁਰਜੀਤ ਸਿੰਘ ਸੰਧੂ
ਰਿਚਮੰਡ ਬੀ.ਸੀ.

ਝਗੜਾ ਨਹੀਂ ਸਿੱਖੀ ਪਿਆਰ ਦਾ ਇਹ ਤਾਂ ਰੱਟਾ ਏ ਗੋਲਕ ਅਤੇ ਵਕਾਰ ਦਾ

ਸੁਣ ਭਾਈ ਲਾਲੋ! ਮੈਂ ਗੱਲਾਂ ਤਾਂ ਪਿਛਲੇ ਸਮੇਂ ਤੋਂ ਸ਼ੁਰੂ ਕਰਨੀਆਂ ਸਨ, ਪਰ ਹੁਣ ਮੈਂ ਅੱਜ ਦੇ ਹਾਲਾਤ ਤੋਂ ਹੀ ਸ਼ੁਰੂ ਕਰਦਾ ਹਾਂ ਕਿ ਤੇਰੇ ਲਹੂ ਪਸੀਨੇ ਦੀ ਕਮਾਈ ਨਾਲ ਉਸਾਰੇ ਹੋਏ ਧਰਮ ਅਸਥਾਨਾਂ ਤੇ ਮਲਕ ਭਾਗੋਆਂ ਨੇ ਕੀ ਤਰਥੱਲ ਮਚਾ ਰੱਖੀ ਏ।

ਭਾਈ ਲਾਲੋ ਜੀ, ਤੁਸੀਂ ਰਾਤ ਦਿਨੇ ਆਰਾ ਮਿੱਲਾਂ ਵਿਚ ਜਾਂ ਖੇਤਾਂ ਵਿਚ ਹੱਡ ਭੰਨਵੀਂ ਕਿਰਤ ਕਰਦੇ ਰਹਿੰਦੇ ਜੇ। ਸਵੇਰੇ ਪੰਜ ਵਜੇ ਉਠਕੇ ਤੁਸੀਂ ਇਕ ਠੇਕੇਦਾਰ ਦੀ ਟਰੱਕੀ ਵਿਚ ਬੈਠ ਜਾਂਦੇ ਜੇ ਜਿਸ ਵਿਚ ਦਸਾਂ ਦੀ ਥਾਂ ਪੰਜਾਹ ਜਾਣੇ ਤੂੜੇ ਹੁੰਦੇ ਨੇ। ਜਦੋਂ ਤੁਸੀਂ ਖੇਤਾਂ ਵਿਚ ਉਤਰਦੇ ਜੇ ਤਾਂ ਤੁਹਾਡੇ ਸਰੀਰ ਦੀ ਅੱਧੀ ਸ਼ਕਤੀ ਤਾਂ ਟਰੱਕੀ ਵਿਚ ਦਮ—ਘੁਟਵਾਂ ਹੂਟਾ ਲੈਣ ਨਾਲ ਹੀ ਮੁਕ ਜਾਂਦੀ ਹੈ।

ਫੇਰ ਤੁਸੀਂ ਖੇਤਾਂ ਵਿਚ ਨੀਵੇਂ ਲੱਕ ਹੋਕੇ ਕੰਮ ਕਰਨਾ ਸ਼ੁਰੂ ਕਰ ਦੇਂਦੇ ਜੇ। ਚੌਦਾਂ ਚੌਦਾਂ ਘੰਟੇ ਕੰਮ ਕਰਕੇ ਤੁਸੀਂ ਰਾਤ ਦੇ ਯਾਰਾਂ ਵਜੇ ਦੋਵੇਂ ਜੀਅ ਘਰ ਪਹੁੰਚਦੇ ਜੇ। ਤੁਹਾਡੀ ਸਾਰੀ ਦਿਹਾੜੀ ਦੀ ਕਮਾਈ ਕਿਸੇ ਵੇਲੇ ਦਸ ਡਾਲੇ ਤੋਂ ਵੀ ਵੱਧ ਨਹੀਂ ਬਣਦੀ ਅਤੇ ਉਸਦਾ ਵੀ ਕੋਈ ਭਰੋਸਾ ਨਹੀਂ ਕਿ ਠੇਕੇਦਾਰ ਕੋਈ ਛਿੱਲੜ ਤੁਹਾਡੇ ਹੱਥ ਰੱਖੇਗਾ ਜਾਂ ਪਹਿਲਾਂ ਦੀਵਾਲਾ ਕਢਾ ਕੇ ਅਲੋਪ ਹੋ ਜਾਵੇਗਾ।

ਸੁਣ ਭਾਈ ਲਾਲੋ! ਇਹੀ ਕੁਝ ਤੇਰੇ ਪੁਤ ਪੋਤਰਿਆਂ ਨਾਲ, ਜਿਹੜੇ ਕਿ ਸਿੱਖ ਵਸੀਲੇ—ਦਾਰਾਂ ਦੀਆਂ ਮਿੱਲਾਂ ਵਿਚ ਜਾਂ ਹੋਰ ਕਿਸੇ ਕਿਸਮ ਦਾ ਕੰਮ ਕਰਦੇ ਨੇ, ਹੋ ਰਿਹਾ ਏ। ਜਿਥੇ ਦਸਾਂ ਬੰਦਿਆਂ ਦੀ ਲੋੜ ਹੈ ਉਥੇ ਪੰਜ ਜਾਣਿਆਂ ਤੋਂ ਹੀ ਕੰਮ ਲਿਆ ਜਾ ਰਿਹਾ ਹੈ। ਇਥੇ ਹੀ ਬਸ ਨਹੀਂ, ਇਹ ਮਲਕ ਭਾਗੋ, ਜਿਹੜੇ ਕਿ ਹੁਣ ਤੇਰੇ ਵਰਗਾ ਹੀ ਬਾਣਾ ਪਾ ਕੇ ਸਿੱਖ ਬਣੇ ਪਏ ਨੇ, ਤੇਰੇ ਬੱਚਿਆਂ ਨੂੰ ਮਜ਼ਦੂਰੀ ਦੇ ਪੈਸੇ ਦੇਣ ਵਿਚ ਵੀ ਹੇਰਾ ਫੇਰੀ ਕਰਨੋ ਨਹੀਂ ਟਲਦੇ। ਜੇ ਉਨ੍ਹਾਂ ਹਫਤੇ ਵਿਚ ਸੱਠ ਘੰਟੇ ਕੰਮ ਕੀਤਾ ਏ ਤਾਂ ਤਨਖਾਹ ਚਾਲੀ ਘੰਟੇ ਦੀ ਹੀ ਮਿਲੇਗੀ।

ਭਾਈ ਜੀ! ਤੁਸੀਂ ਐਨੀਆਂ ਲੁੱਟਾਂ ਦਾ ਸ਼ਿਕਾਰ ਹੋਕੇ ਵੀ ਆਪਣੀ ਦੁੱਧ ਵਰਗੀ ਖਾਲਿਸ ਚਿੱਟੀ ਕਮਾਈ ਵਿਚੋਂ ਗੁਰੂ ਘਰ ਨੂੰ ਦਸਵੰਧ ਜ਼ਰੂਰ ਭੇਟ ਕਰੀ ਜਾਂਦੇ ਜੇ ਅਤੇ ਇਸ ਸੱਚੀ ਸੁਚੀ ਕਮਾਈ ਨਾਲ ਤੁਸਾਂ ਗੁਰੂ ਘਰ ਉਸਾਰ ਲਿਆ ਤਾਕਿ ਉਥੇ ਜਾਕੇ ਤੁਸੀਂ ਆਪਣੇ ਮਨ ਨੂੰ ਸ਼ਾਂਤੀ ਦੇ ਸਕੋ, ਸਾਧ ਸੰਗਤ ਕਰ ਸਕੋ, ਆਪਣੇ ਵਰਗੇ ਕ੍ਰਿਤੀਆਂ ਨਾਲ ਰਲ ਮਿਲ ਕੇ ਪ੍ਰਸ਼ਾਦਿ ਪਾਣੀ ਛੱਕ ਸਕੋ ਅਤੇ ਹੋਰ ਕਈ ਦੁੱਖ ਤਕਲੀਫਾਂ ਆਪਣੇ ਭੈਣ ਭਰਾਵਾਂ ਮਿਤਰਾਂ ਨਾਲ ਸਾਂਝੇ ਕਰ ਸਕੋ। ਪਰ ਭਾਈ ਜੀ! ਹੁਣ ਤਾਂ ਇਹਨਾਂ ਭਾਗੋਆਂ ਨੇ ਤੁਹਾਡੇ ਇਸ ਸ਼ਾਂਤੀ ਘਰ ਨੂੰ ਅਸ਼ਾਂਤ ਕਰ ਛੱਡਿਆ ਏ। ਤੁਸੀਂ ਬੜੇ ਹੈਰਾਨ ਹੁੰਦੇ ਜੇ ਕਿ ਇਹਨਾਂ ਨੇ ਇਹ ਸੇਹ ਦਾ ਤੱਕਲਾ ਕਿਉਂ ਗੱਡ ਦਿਤਾ ਏ। ਕੀ ਇਹ ਸਮਝਦੇ ਨੇ ਕਿ ਇਥੇ ਸਿੱਖੀ ਪ੍ਰਚਾਰ ਚੰਗੇ ਸਮੇਂ ਹੋ ਰਿਹਾ, ਜਾਂ ਇਹ ਸਮਝਦੇ ਨੇ ਕਿ ਉਹ ਤੁਹਾਡੇ ਨਾਲੋਂ ਚੰਗਾ ਸਿੱਖੀ ਪਿਆਰ ਕਰਦੇ ਨੇ?

ਮੇਰੇ ਵੀਰ ਲਾਲੋ ਜੀ! ਤੁਸੀਂ ਬੜੇ ਸਾਦਾ ਦਿਲ ਸਿੱਖ ਜੇ, ਤੁਸੀਂ ਇਹ ਸਮਝਦੇ ਜੇ ਕਿ ਜਿਸ ਸੱਚੇ ਸੁੱਚੇ ਮਨ ਨਾਲ ਤੁਸੀਂ ਏਥੇ ਆਉਂਦੇ ਜੇ ਤਾਂ ਇਸੇ ਤਰਾਂ ਹੀ ਸ਼ਰਧਾਲੂ ਮਨ ਨਾਲ ਬਾਕੀ ਦੇ ਵੀ ਆਉਂਦੇ ਹੋਣਗੇ। ਪਰ ਭਾਈ ਜੀ! ਇਹ ਭਾਗੋ ਇਥੇ ਗੁਰੂ ਘਰ ਦੇ ਸ਼ਰਧਾਲੂ ਬਣਨ ਦੀ ਗਰਜ਼ ਨਾਲ ਨਹੀਂ ਆਉਂਦੇ। ਇਹਨਾ ਦਾ ਮੰਤਵ ਆਰਥਿਕਤਾ ਅਤੇ ਵਕਾਰ ਨਾਲ ਹੈ। ਹਰ ਪੁੱਠੇ ਸਿੱਧੇ ਢੰਗ ਨਾਲ ਤੇਰੀ ਕ੍ਰਿਤ ਕਮਾਈ ਨੂੰ ਹੂੰਝਾ ਮਾਰਨਾ ਇਹਨਾਂ ਦਾ ਮਨੋਰਥ ਹੈ, ਚਾਹੇ ਉਹ ਕਿਸੇ ਧਰਮ ਅਸਥਾਨ ਵਿਚ ਹੋਵੇ ਜਾਂ ਹੋਰ ਕਿਸੇ ਥਾਂ। ਜੇ ਕਰ ਇਹਨਾਂ ਨੂੰ ਗੁਰੂ ਘਰ ਦੀ ਸੇਵਾ ਕਰਨ ਦਾ ਚਾਅ ਹੈ ਤਾਂ ਇਹ ਹਜ਼ਾਰਾਂ ਡਾਲੇ ਕਾਹਦੇ ਲਈ ਖਰਚਦੇ ਫਿਰਦੇ ਹਨ, ਜਥੇਦਾਰ ਬਣਨ ਲਈ, ਜਦ ਕਿ ਤੁਸੀਂ ਇਥੇ ਆਕੇ ਗੁਰੂ ਘਰ ਦੇ ਲੰਗਰ ਦੇ ਭਾਂਡੇ ਮਾਂਜਣੇ, ਸੰਗਤਾਂ ਦੇ ਜੋੜੇ ਸਾਫ ਕਰਨ ਵਿਚ ਆਪਣਾ ਮਾਨ ਸਮਝਦੇ ਜੇ।

ਭਾਈ ਜੀ ਇਹ ਮਲਕ ਭਾਗੋ ਤੁਹਾਡੀ ਸਾਦਾ ਦਿਲੀ ਨੂੰ ਚੰਗੀ ਤਰਾਂ ਜਾਣਦੇ ਨੇ, ਜਿਸ ਤੋਂ ਹਰ ਹੀਲੇ ਬਹਾਨੇ ਆਪਣੀਆਂ ਜ਼ਾਤੀ ਗਰਜ਼ਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕਰਦੇ ਨੇ। ਗੁਰੂ ਘਰ ਦੀ ਗੋਲਕ ਤੇ ਕਬਜ਼ਾ ਕਰਕੇ ਲੱਖਾਂ ਡਾਲੇ ਇਹਨਾਂ ਨੇ ਆਪਣੇ ਟੈਕਸ ਦੇ ਬਚਾਉਣੇ ਹੁੰਦੇ ਨੇ। ਜਥੇਦਾਰੀ ਦਾ ਬਿੱਲਾ ਲਾ ਕੇ ਇਹਨਾਂ ਇੰਦਰਾ ਦੇ ਗਲ ਹਾਰ ਪਾਉਣੇ ਹੁੰਦੇ ਨੇ ਅਤੇ ਹੋਰ ਕਈ ਅਮੀਰ ਵਜ਼ੀਰਾਂ ਨਾਲ ਹੱਥ ਮਲਾਉਣੇ ਹੁੰਦੇ ਨੇ। ਟੈਕਸੀਆਂ ਆਦਿ ਦੇ ਪ੍ਰਮਿਟ ਲੈ ਕੇ ਮੁਫਤ ਦੇ ਪੈਸੇ ਵਟੋਰਨੇ ਨੇ, ਦੇਸ ਖੂਨ ਖਰਾਬੇ ਕਰਕੇ ਪੁਲਸੀਆਂ ਅਤੇ ਜੱਜਾਂ ਤੇ ਰੋਹਬ ਪਾਕੇ ਆਪਣੇ ਆਪ ਨੂੰ ਜੇਹਲਾਂ, ਫਾਂਸੀਆਂ ਤੋਂ ਬਚਾਉਣਾ ਹੁੰਦਾ ਏ। ਜੇ ਕਰ ਕਲ ਨੂੰ ਫੇਰ ਕਿਤੇ ਯਾਤਰੂਆਂ ਨੂੰ ਦੇਸੋਂ ਮੰਗਾਉਣ ਦਾ ਕੰਮ ਬਣ ਗਿਆ ਤਾਂ ਲੱਖਾਂ ਰੁਪੈ ਬਟੋਰਨ ਲਈ ਉਹਨਾਂ ਦੇ ਰਹਿਣ ਤੇ ਖਾਣ ਪੀਣ ਦਾ ਪ੍ਰਬੰਧ ਗੁਰਦੁਆਰੇ ਤੇ ਕਬਜ਼ਾ ਕੀਤੇ ਬਗੈਰ ਕਿਸ ਤਰਾਂ ਹੋ ਸਕੇਗਾ ਅਤੇ ਨਾਲ ਲਗਵਾਂ ਕੌਮ ਸੇਵਕ ਦਾ ਬਿੱਲਾ ਵੀ ਲਵਾਉਣਗੇ।

ਗੁਰੂ ਦੇ ਪਿਆਰੇ ਲਾਲੋ ਜੀ! ਏਥੇ ਹੀ ਬਸ ਨਹੀਂ। ਇਹਨਾਂ ਨੇ ਤੇਰੇ ਇਸ ਧਾਰਮਕ ਅਸਥਾਨ ਦੇ ਬੈਂਕ ਵਿਚ ਜਮਾਂ ਕੀਤੇ ਹੋਏ ਫੰਡ ਨੂੰ ਕਈ ਤਰੀਕਿਆਂ ਨਾਲ ਆਪਣੇ ਵਣਜ ਵਿਹਾਰਾਂ ਲਈ ਵਰਤਣਾ ਏਂ, ਜੇ ਕੰਮ ਚਲ ਗਿਆ ਤਾਂ ਪੌਂ ਬਾਰਾਂ, ਜੇ ਘਾਟਾ ਪੈ ਗਿਆ ਤਾਂ ਫੇਰ ਇਹਨਾਂ ਨੇ ਹਿਸਾਬ ਕਿਤਾਬ ਦੀਆਂ ਕਾਪੀਆਂ ਗੁੰਮ ਕਰ ਲੈਣੀਆਂ ਨੇ। ਸਰੋਜਨੀ ਨਾਇਡੋ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਏਥੋਂ 1500 ਮੀਲ ਦੇ ਫਾਸਲੇ ਤੇ ਆਈ ਸੀ ਤਾਂ ਉਸ ਲਈ ਕਈ ਕਿਸਮ ਦੇ ਤੋਹਫੇ ਤੇਰੇ ਜਮਾਂ ਕੀਤੇ ਧਾਰਮਕ ਫੰਡ ਵਿਚੋਂ ਹਵਾਈ ਜਹਾਜ਼ ਤੇ ਜਾਕੇ ਭੇਂਟ ਕੀਤੇ ਗਏ ਸੀ, ਵਿਜੇ ਲਕਸ਼ਮੀ ਪੰਡਤ ਨੂੰ ਤੇਰੇ ਪੈਸਿਆਂ ਨਾਲ ਹੀ ਤੁਹਫੇ ਦਿੱਲੀ ਲੈ ਜਾਏ ਗਏ ਸਨ ਅਤੇ ਇਥੇ ਕਿਸੇ ਨੂੰ ਕੋਈ ਪਤਾ ਸੁਰ ਨਹੀਂ ਸੀ।

ਤੁਹਾਡੇ ਮਨ ਵਿਚ ਇਹ ਵੀ ਸਵਾਲ ਉਠਦਾ ਹੋਵੇਗਾ ਕਿ ਟੈਕਸ ਕਿਸ ਤਰਾਂ ਬਚਾ ਲੈਂਦੇ ਨੇ ਗੁਰੂ ਘਰ ਦੇ ਨਾਮ ਤੇ। ਮੈਂ ਇਕ ਛੋਟੀ ਜਹੀ ਮਿਸਾਲ ਦੇਂਦਾ ਹਾਂ।

ਕਈ ਸਾਲ ਦੀ ਗਲ ਹੈ ਕਿ ਇਕ ਲੱਖਾਂ ਪਤੀ ਨੇ ਗੁਰੂ ਘਰ ਆਪਣੀ ਸੱਸ ਦੇ ਗੁਜਰ ਜਾਣ ਤੇ ਭੋਗ ਪੁਆਇਆ। ਚੰਗਾ ਲੰਗਰ ਪਾਣੀ ਵਰਤਾਇਆ ਗਿਆ। ਬੜੀ ਸੋਭਾ ਖੱਟੀ ਇਸ ਗੁਰ ਸਿੱਖ ਨੇ। ਪਰ ਜਿਨ੍ਹੇ ਪੈਸੇ ਉਨ੍ਹਾਂ ਨੇ ਲੰਗਰ ਪਾਣੀ ਤੇ ਖਰਚ ਕੀਤੇ ਸਨ ਉਸ ਤੋਂ ਕਈ ਗੁਣਾਂ ਜ਼ਿਆਦਾ ਰਕਮ ਦੀ ਰਸੀਦ ਦੀ ਉਨ੍ਹਾਂ ਨੇ ਗੁਰੂ ਘਰ ਦੇ ਖਜ਼ਾਨਚੀ ਤੋਂ ਮੰਗ ਕੀਤੀ। ਉਹ ਖਜ਼ਾਨਚੀ ਇਸ ਤਰਾਂ ਦੀਆਂ ਹੇਰਾ ਫੇਰੀਆਂ ਤੋਂ ਅਜੇ ਵਾਕਿਫ ਨਹੀਂ ਸੀ ਤਾਂ ਉਸ ਨੇ ਇਹ ਨਾਜ਼ਾਇਜ਼ ਹਰਕਤ ਕਰਨ ਤੋਂ ਨਾਂਹ ਕਰ ਦਿਤੀ। ਇਸ ਕਰਕੇ ਉਸ ਸੱਸ ਦੇ ਪਿਆਰੇ ਜੁਵਾਈ ਨੇ ਕਿਸੇ ਹੋਰ ਗੁਰੂ ਘਰ ਜਾਣਾ ਸ਼ੁਰੂ ਕਰ ਦਿਤਾ। ਖਜਾਨਚੀ ਅਤੇ ਹੋਰ ਸਜਣਾਂ ਬੈਠ ਕੇ ਇਹ ਹਿਸਾਬ ਲਾਇਆ ਕਿ ਜਿੰਨ੍ਹੇ ਦੀ ਇਹ ਰਸੀਦ ਮੰਗਦਾ ਸੀ, ਉਸ ਰਸੀਦ ਨਾਲ ਆਪਣੀ ਸੱਸ ਦੇ ਭੋਗ ਤੇ ਖਰਚ ਕੀਤੀ ਰਕਮ ਨਾਲੋਂ ਵੀ ਜ਼ਿਆਦਾ ਪੈਸੇ ਟੈਕਸ ਦੇ ਬਚਾ ਸਕਦਾ ਸੀ। ਵੇਖਿਆ ਜੇ ਭਾਈ ਜੀ ਇਹਨਾਂ ਦਾ ਗੁਰੂ ਘਰ ਨਾਲ ਪਿਆਰ। ਐਂਵੇਂ ਤਾਂ ਨਹੀਂ ਇਹ ਹਜਾਰਾਂ ਡਾਲੇ ਸ਼ਰਾਬਾਂ ਕਬਾਬਾਂ ਤੇ ਖਰਚ ਕੇ ਵੋਟਾਂ ਖ੍ਰੀਦ ਦੇ। ਇਹ ਸ਼ਰਾਬਾਂ ਦੇ ਪੈਸੇ ਖਰਚ ਕੇ ਵੀ ਇਹਨਾਂ ਟੈਕਸ ਬਚਾ ਲੈਣਾ ਹੁੰਦਾ ਏ।

ਗੁਰਮੁੱਖ ਪਿਆਰੇ ਭਾਈ ਲਾਲੋ ਜੀ! ਅੰਗਰੇਜ਼ ਸਾਮਰਾਜੀਆਂ ਨੇ ਇਹਨਾਂ ਚੋਣਾ ਦਾ ਢੌਂਗ ਏਸ ਕਰਕੇ ਰਚਿਆ ਸੀ ਤਾਕਿ ਉਸ ਦੇ ਪਿਠੂ ਨਾਰਾਇਣ ਦਾਸਾਂ, ਚੀਫ ਖਾਲਸਾ ਦੀਵਾਨੀਏ ਜਿਹੜੇ ਕਿ ਗਦਰੀ ਕੌਮ—ਸੇਵਕਾਂ ਨੂੰ ਸਿੱਖੀ ਤੋਂ ਹੀ ਬੇਦਖਲ ਕਰੀ ਬੈਠੇ ਸਨ, ਨੂੰ ਫੇਰ ਕਿਸ ਤਰਾਂ ਤੇਰੇ ਧਾਰਮਕ ਅਸਥਾਨਾਂ ਤੇ ਕਬਜ਼ਾ ਕਰਨ ਦਾ ਮੌਕਾ ਹੱਥ ਆ ਸਕੇ। ਏਸੇ ਤਰਾਂ ਹੁਣ ਏਥੇ ਨਵੇਂ ਤਿਆਰ ਹੋਏ ਚੀਫ ਖਾਲਸਾ ਦੀਵਾਨੀਏ, ਬੇਲੇ, ਜਨਰਲ ਡਾਇਰ ਨੂੰ ਸਿੱਖ ਸਜਾਉਣ ਵਾਲੇ ਅਤੇ ਮਾਨ—ਪੱਤਰ ਦੇਣ ਵਾਲੇ ਨਾਰਾਇਣ ਦਾਸੀਏ ਤੁਹਾਡੇ ਵਿਚ ਘੁਸਰ ਮੁਸਰ ਕੇ ਤੁਹਾਡੇ ਇਸ ਧਾਰਮਕ ਅਸਥਾਨਾਂ ਦਾ ਅਮਨ ਭੰਗ ਕਰ ਰਹੇ ਨੇ। ਏਸੇ ਕਰਕੇ ਇਹ ਸੰਗਤ ਦੇ ਫੈਸਲੇ ਨੂੰ ਰੱਦ ਕਰਨ ਲਈ ਉਹਨਾਂ ਜੱਜਾਂ ਵਕੀਲਾਂ ਦਾ ਫੈਸਲਾ ਤੇਰੇ ਉਤੇ ਠੋਸ ਰਹੇ ਨੇ ਜਿਨ੍ਹਾਂ ਦੇ ਨਾਮ ਸ਼ਹਿਰ ਦੀਆਂ ਉਘੀਆਂ ਵੇਸਵਾਵਾਂ ਦੀਆਂ ਕਾਪੀਆਂ ਤੇ ਦਰਜ ਹੋਏ ਪਏ ਨੇ। ਕੀ ਇਸ ਨੂੰ ਤੁਸੀਂ ਸਿੱਖੀ ਪਿਆਰ ਆਖੋਗੇ? ਨਹੀਂ। ਇਹ ਝਗੜਾ ਨਹੀਂ ਸਿੱਖੀ ਪਿਆਰ ਦਾ, ਇਹ ਤਾਂ ਰੱਟਾ ਏ ਗੋਲਕ ਅਤੇ ਵਕਾਰ ਦਾ। ਬਾਕੀ ਗਲ ਫੇਰ ਕਰਾਂਗੇ।

ਕਿਸੇ ਹੋਰ ਥਾਂ ਮੂਵ ਹੋ ਰਹੇ ਹੋ?
ਕ੍ਰਿਪਾ ਕਰਕੇ ਸਾਨੂੰ ਜਰੂਰ ਦੱਸੋ।

ਚਿਟ ਨੰਬਰ------------------------
ਪੁਰਾਣਾ ਪਤਾ------------------------

ਨਵਾਂ ਪਤਾ ਸਟਰੀਟ/ਐਵੇਨਿਊ------------------------
ਟਾਊਨ------------------------
ਸਟੇਟ------------------------
ਪੋਸਟਲ ਕੋਡ------------------------
ਫੋਨ ਨੰਬਰ------------------------

ਮਾਂ ਪੁੱਤਾਂ ਦਾ ਪਿਆਰ — ਵੀਹਵੀਂ ਸਦੀ ਦਾ

ਜਗਰਾਉਂ — ਮੋਗਾ ਸਬ ਡਵੀਯਨ ਦੇ ਅਧੀਨ ਪਿੰਡ 'ਰਾਮਾ' ਵਿਖੇ ਕਰਤਾਰ ਕੌਰ ਨਾਮੀ ਇਕ ਮਾਂ ਵਲੋਂ ਕਰਮਜੀਤ ਸਿੰਘ, ਸਰਬਜੀਤ ਸਿੰਘ ਨਾਮੀ ਆਪਣੇ ਹੀ ਦੋ ਸਕੇ ਪੁੱਤਾਂ ਨਾਲ ਘਰੇਲੂ ਠੱਗੀ ਮਾਰੇ ਜਾਣ ਦੀ ਸੂਚਨਾ ਮਿਲੀ ਹੈ।

ਮਹਿਕਮਾ ਮਾਲ ਤੋਂ ਮਿਲੀ ਜਾਣਕਾਰੀ ਅਨੁਸਾਰ ਇਕ ਔਰਤ ਵਲੋਂ ਲਾਲਚ ਵਿਚ ਆਪਣੇ ਪਤੀ ਦੀ ਸਾਰੀ ਜਾਇਦਾਦ ਇਕਲਿਆਂ ਹੀ ਹੜੱਪ ਲਈ। ਆਪਣੇ ਦੋਨੋਂ ਉਕਤ ਪੁਤਰਾਂ ਨੂੰ ਛੱਡ ਕੇ ਇਕਲਿਆਂ ਆਪਣੇ ਨਾਂਅ ਹੀ ਇਕ ਵਸੀਅਤ ਕਰਵਾ ਲਈ ਗਈ ਹੈ ਜਦੋਂ ਕਿ ਉਸਦੇ ਦੋਵੇਂ ਲੜਕੇ ਵਿਆਹੇ ਹੋਏ ਅਤੇ ਬਾਲ ਬੱਚੇਦਾਰ ਹਨ।

(ਪੰਨਾ 15 ਦੀ ਬਾਕੀ)

ਰਵੀਦਾਸ ਜੀ ਅਗੇ ਸਾਡਾ ਸਿਰ ਆਦਰ ਨਾਲ ਝੁਕ ਜਾਂਦਾ ਹੈ। ਕੌਮ ਦੀ ਉਸਾਰੀ ਲਈ ਸ੍ਰੀ ਗੁਰੂ ਰਵੀਦਾਸ ਜੀ ਦੀ ਏਕਤਾ ਬਰਾਬਰਤਾ ਅਤੇ ਭਰਾਤਰੀ ਭਾਵ ਵਾਲੀ ਬਾਣੀ ਉਪਰ ਅਮਲ ਕਰੇ ਤਾਂ ਹੀ ਸਮੁਚੇ ਸਮਾਜ ਦਾ ਨਕਸ਼ਾ ਬਦਲ ਸਕਦਾ ਹੈ। ਗੁਰੂ ਜੀ ਨੂੰ ਸਚੀ ਸ਼ਰਧਾਂਜਲੀ ਤਾਂ ਹੀ ਭੇਂਟ ਕਰ ਸਕਾਂਗੇ ਜੇ ਅਸੀਂ ਉਹਨਾਂ ਦੇ ਦਸੇ ਹੋਏ ਰਾਹ ਉਤੇ ਚਲਾਂਗੇ। ਗੁਰੂ ਗਰੰਥ ਸਾਹਿਬ ਜੀ ਤੇ ਵਿਸ਼ਵਾਸ਼ ਅਸੀਂ ਅਜ ਇਹਨਾਂ ਦੀ ਬਾਣੀ ਤੋਂ ਹੀ ਉਚਤਾ ਤੇ ਪਵਿਤਰਤਾ ਹਾਸਲ ਕਰ ਸਕਦੇ ਹਾਂ। ਦਸਾਂ ਗੁਰੂਆਂ ਦੀ ਅਤੇ ਭਗਤਾਂ ਦੀ ਹੋਰ ਮਹਾਨ ਆਤਮਾਵਾਂ ਦੀ ਬਹੁਤ ਬੜੀ ਬਖਸ਼ਿਸ਼ ਹੈ। ਇਹ ਹੀ ਮੇਰੀ ਬੇਨਤੀ ਹੈ ਅੰਤ ਵਿਚ ਖਿਮਾਂ ਚਾਹਾਂਗਾ ਜੀ। ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ॥

1. ਬ੍ਰਹਮਣ ਖਤਰੀ ਵੈਸ਼ ਤੇ ਸ਼ੂਦਰ ਕੀਤੇ, ਬੁਰਾ ਤਾਣਿਆ ਭਰਮ ਦਾ ਜਾਲ ਸਮਝੋ।
2. ਵਿਚ ਗਰਭ ਦੇ ਕੁਲਾ ਨਾ ਜਾਤ ਕੋਈ, ਇਕੋ ਵਰਨ ਤੇ ਇਕੋ ਟਕਸਾਲ ਸਮਝੋ।
3. ਬ੍ਰਹਮ ਬਿੰਦ ਤੇ ਸਰਬ ਉਤਪਾਤ ਹੋਏ, ਗੁਰੂ ਗਰੰਥ ਦੇ ਵਿਚ ਸਵਾਲ ਸਮਝੋ।
4. ਛੋਟੀ ਜਾਤ ਜੁਲਾਹਾ ਕਬੀਰ ਦੇਖੋ, ਚਮਕੇ ਨਾਮ ਦਾ ਨੂਰ ਵਿਚ ਭਾਲ ਸਮਝੋ
5. ਦੇਖੋ ਜਾਤ ਚਮਿਆਰ ਰਵੀਦਾਸ ਹੋ ਕੇ - ਅੰਮ੍ਰਿਤ ਨਾਮ ਦੇ ਵਿਚ ਖੁਸ਼ਹਾਲ ਸਮਝੋ।
6. ਦੇਖੋ ਜਾਤ ਛੋਟੀ ਨਾਮਦੇਵ ਛੀਂਬਾ, ਮਸਤੀ ਨਾਮ ਦੀ ਛਿਤਰ ਖੜਤਾਲ ਸਮਝੋ।
7. ਨਹੀਂ ਜਾਤ ਦਾ ਰਿਹਾ ਹਿਸਾਬ ਕੋਈ, ਮਿਲਦਾ ਪ੍ਰੇਮ ਦੀ ਖਿਚ ਦੇ ਨਾਲ ਸਮਝੋ।
8. ਜਿਨ ਪ੍ਰੇਮ ਕਿਓ ਤਿਨ ਹੀ ਪ੍ਰਭ ਪਾਇਓ, ਦਸਮ ਗੁਰੂ ਜੀ ਦਾ ਵਾਕ ਕਮਾਲ ਸਮਝੋ।

ਬੱਸ ਕਾਂਡ ਦੇ ਕਾਤਲਾਂ ਦਾ ਹੋਰ ਸੁਰਾਗ ਮਿਲਿਆ

ਲੁਧਿਆਣਾ — ਪੁਲੀਸ ਸੂਤਰਾਂ ਅਨੁਸਾਰ ਨੌਸ਼ਹਿਰਾ ਪਨੂੰਆਂ ਲਾਗੇ ਹੋਏ ਬੱਸ ਵਿਚੋਂ ਕਢ ਕੇ ਕੀਤੇ ਕਤਲਾਂ ਦੇ ਦੋਸ਼ੀਆਂ ਦਾ ਕੁਝ ਹੋਰ ਸੁਰਾਗ ਮਿਲਿਆ ਹੈ। ਸੁਖਦੇਵ ਸਿੰਘ ਜਿਸ ਨੂੰ ਜਗਰਾਉਂ ਦੇ ਇਕ ਪੈਟਰੋਲ ਪੰਪ ਤੇ ਚੋਰੀ ਕਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਹੈ ਨੇ ਇਹ ਸੁਰਾਗ ਦਿਤਾ ਹੈ।

ਸੁਖਦੇਵ ਸਿੰਘ ਨੂੰ ਦਿੱਲੀ ਦੀ ਪੁਲੀਸ ਨੇ ਕਰੋਲ ਬਾਗ ਦਿੱਲੀ ਵਿਚ ਇਕ ਸਰਾਫ ਦੀ ਦੁਕਾਨ ਤੇ ਡਾਕਾ ਮਾਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਸੀ।

ਯਾਦ ਰਹੇ ਕਿ ਪਿਛਲੇ ਸਾਲ ਨਵੰਬਰ ਵਿਚ ਨੌਸ਼ਹਿਰਾ ਪਨੂੰਆਂ ਲਾਗੇ ਇਕ ਬੱਸ ਨੂੰ ਰੋਕ ਕੇ ਚਾਰ ਵਿਅਕਤੀਆਂ ਦਾ ਕਤਲ ਕਰ ਦਿਤਾ ਗਿਆ ਸੀ।

ਪੁਲੀਸ ਅਨੁਸਾਰ ਸੁਖਦੇਵ ਸਿੰਘ ਨੇ ਇਸ ਅਪਰਾਧ ਵਿਚ ਆਪਣੇ ਕੁਝ ਸਹਿਯੋਗੀਆਂ ਦਾ ਨਾ ਲਿਆ ਹੈ ਜਿਨ੍ਹਾਂ ਵਿਚੋਂ ਦੋ ਅੰਮ੍ਰਿਤਸਰ ਵਿਚ ਲੁਕੇ ਹੋਏ ਹਨ।

ਰਮਨ ਕਲਾਥ ਹਾਊਸ ਵਿਚ ਗਹਿਮਾ ਗਹਿਮੀ



ਗੌੜ ਦੀ ਹਾਲਤ ਖਤਰੇ ਤੋਂ ਬਾਹਰ

ਅੰਮ੍ਰਿਤਸਰ

ਦੋ ਅਣਪਛਾਤੇ ਵਿਅਕਤੀਆਂ ਵਲੋਂ ਇੰਡੀਅਨ ਐਕਸਪ੍ਰੈਸ ਦੇ ਸਟਾਫ ਰਿਪੋਰਟਰ ਸ੍ਰੀ ਸੰਜੀਵ ਗੌੜ 'ਤੇ ਹਮਲਾ ਕਰਕੇ ਜ਼ਖਮੀ ਕਰ ਦਿੱਤਾ ਸੀ, ਦੀ ਹਾਲਤ ਖਤਰੇ ਤੋਂ ਬਾਹਰ ਹੈ. ਵੱਖ ਵੱਖ ਪਾਰਟੀਆਂ ਦੇ ਆਗੂ ਸ੍ਰੀ ਗੌੜ ਨੂੰ ਉਹਨਾਂ ਦੇ ਘਰ ਦੇਖਣ ਗਏ.

ਸੀਨੀਅਰ ਅਕਾਲੀ ਨੇਤਾ ਅਤੇ ਸਾਬਕਾ ਸੰਸਦ ਮੈਂਬਰ ਸ: ਬਲਵੰਤ ਸਿੰਘ ਰਾਮੂੰਵਾਲੀਆ ਵੀ ਸ੍ਰੀ ਗੌੜ ਦੇ ਘਰ ਗਏ ਅਤੇ ਹਾਲ ਚਾਲ ਪੁਛਿਆ. ਸ: ਰਾਮੂੰ-ਵਾਲੀਆ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ: "ਇਹ ਇਕ ਅਤਿ ਸ਼ਰਮਨਾਕ ਘਟਨਾ ਹੈ"

ਤਾਜ ਮਹਲ - ਇਕ ਬੁਝਾਰਤ

ਬੰਬਈ—ਆਗਰੇ ਦਾ ਤਾਜਮਹਲ ਸਚਮੁਚ ਮੁਗਲ ਸਮਰਾਟ ਸ਼ਾਹਜਹਾਨ ਨੇ ਹੀ ਬਣਵਾਇਆ ਸੀ ?

ਸਮਰਾਟ ਵਲੋਂ ਆਪਣੀ ਮਲਕਾ ਮੁਮਤਾਜ ਮਹੱਲ ਨੂੰ ਲਾਜ਼ਵਾਬ ਉਪਹਾਰ ਗਿਣੇ ਜਾਂਦੇ ਤਾਜ ਮਹਲ ਦੇ ਉਤਰੀ ਮਥੇ ਵਲ ਦੇ ਲੱਕੜ ਦੇ ਦਰਵਾਜੇ ਦੇ ਇਕ ਟੁਕੜੇ ਦੀ ਰੇਡੀਓ ਕਾਰਬਨ ਪਰਖ ਤੋਂ ਇਹ 1359 ਈਸਵੀ ਦਾ ਬਣਿਆ ਸਾਬਤ ਹੁੰਦਾ ਹੈ ਜਦਕਿ ਤਾਜ ਮਹੱਲ 1638 ਤੇ 1670 ਈਸਵੀ ਦੇ ਦਰਮਿਆਨੀ ਸਮੇਂ ਵਿਚ ਬਣਿਆ ਸਮਝਿਆ ਜਾਂਦਾ ਹੈ।

ਇਹ ਅਜੋੜ ਬਰੁਕਲਿਨ ਕਾਲਜ (ਯੂ. ਐਸ. ਏ.) ਦੇ ਖੋਜਕਾਰਾਂ ਦੀ ਇਕ ਟੀਮ ਨੇ ਲਭਿਆ ਹੈ। ਇਸ ਬਾਰੇ ਪੱਕੀ ਗੱਲ ਤਾਂ ਉਸੇ ਹਾਲਤ ਵਿਚ ਆਖੀ ਜਾ ਸਕਦੀ ਹੈ ਜੇ ਤਾਜ ਮਹੱਲ ਦੀ ਉਸਾਰੀ ਵਿਚ ਵਰਤੇ ਗਏ ਸਾਮਾਨ ਦੇ ਹੋਰ ਟੁਕੜਿਆਂ ਦੀ ਵਿਗਿਆਨਕ ਖੋਜ ਹੋਵੇ, ਪਰ ਇਸ ਸੁਰਖਿਅਤ ਯਾਦਗਾਰੀ ਇਮਾਰਤ ਤੋਂ ਕੋਈ ਹੋਰ ਟੁਕੜੇ ਮਿਲਣੇ ਲਗਭਗ ਅਸੰਭਵ ਹਨ। ਤਾਂ ਵੀ ਆਗਰੇ ਤੋਂ ਪੰਜਾਹ ਕਿਲੋਮੀਟਰ ਦਖਣ ਪੱਛਮ ਵੱਲ ਸਥਿਤ ਫਤਹਿਪੁਰ ਸੀਕਰੀ ਦੇ ਜੋਧਾਬਾਈ ਮਹੱਲ ਦੀ ਵਿਗਿਆਨਕ ਪਰਖ ਨੇ ਇਸ ਸ਼ੱਕ ਨੂੰ ਜੇ ਪੱਕਾ ਨਹੀਂ ਕਰ ਦਿਤਾ ਤਾਂ ਵਧਾ ਜ਼ਰੂਰ ਦਿਤਾ ਹੈ ਕਿ ਤਾਜ ਮਹੱਲ ਸ਼ਾਹਜਹਾਨ ਦੇ ਸਮੇਂ ਤੋਂ ਸ਼ਾਇਦ ਢੇਰ ਚਿਰ ਪਹਿਲਾਂ ਦਾ ਉਸਾਰਿਆ ਹੋਇਆ ਹੋਵੇ। ਇਸ ਮਹੱਲ ਦੀ ਉਸਾਰੀ 1580 'ਚ ਹੋਈ ਖਿਆਲ ਕੀਤੀ ਜਾਂਦੀ ਰਹੀ ਹੈ ਪਰ ਇਸ ਵਿਚ ਵਰਤੀ ਗਈ ਲਕੜੀ ਦੇ ਟੁਕੜਿਆਂ ਦੀ ਪਰਖ ਤੋਂ ਇਹ ਸਾਬਤ ਹੁੰਦਾ ਹੈ ਕਿ ਇਸ ਦੀ ਉਸਾਰੀ 1436 ਦੇ ਨੇੜੇ ਤੇੜੇ ਹੋਈ।

ਖੋਜਕਾਰਾਂ ਦਾ ਖਿਆਲ ਹੈ ਕਿ ਬਹੁਤ ਸਾਰੀਆਂ ਇਮਾਰਤਾਂ ਅਜਿਹੀਆਂ ਹੋ ਸਕਦੀਆਂ ਹਨ, ਜਿਹੜੀਆਂ ਮੁਗਲ ਕਾਲ ਤੋਂ ਪਹਿਲਾਂ ਦੀਆਂ ਉਸਾਰੀਆਂ ਹੋਈਆਂ ਹੋਣ ਤੇ ਜਿਹਨਾਂ ਨੂੰ ਮੁਗਲ ਬਾਦਸ਼ਾਹਾਂ ਨੇ ਥੋਹੜੀ ਬਹੁਤ ਅਦਲਾ ਬਦਲੀ ਕਰਕੇ ਉਹਨਾਂ ਨੂੰ ਇਸਲਾਮੀ ਉਸਾਰੀ ਕਲਾ ਦੀ ਛੋਹ ਦੇ ਦਿਤੀ ਹੋਵੇ।

ਵਿਦਿਆਰਥਣਾ ਦਾ ਗੁੰਮ ਹੋਣਾ ਅਜੇ ਬੁਝਾਰਤ ਹੈ

ਦੋ ਹੋਸਟਲ ਵਾਰਡਨਾ ਮੁਅਤਲ ਕੀਤੀਆਂ ਗਈਆਂ

ਜਲੰਧਰ — ਸਥਾਨਕ ਬੰਨਿਆ ਮਹਾਂਵਿਦਿਆਲਾ ਦੇ ਹੋਸਟਲ ਵਿਚੋਂ ਦੋ ਵਿਦਿਆਰਥਣਾਂ ਦਾ ਭੇਦ ਭਰੀ ਹਾਲਤ ਵਿਚ ਗੁੰਮ ਹੋ ਜਾਣਾ ਅਜੇ ਵੀ ਇਕ ਬੁਝਾਰਤ ਬਣਿਆ ਹੋਇਆ ਹੈ।

ਕਾਲਜ ਦੇ ਹੋਸਟਲ ਵਿਚੋਂ ਦੋ ਲੜਕੀਆਂ ਕਮਲਪ੍ਰੀਤ ਗਿੱਲ ਅਤੇ ਜਸਪ੍ਰੀਤ ਸੰਧੂ14 ਜਨਵਰੀ ਤੋਂ ਗੁੰਮ ਹਨ ਅਤੇ ਇਹਨਾਂ ਵਿਚੋਂ ਕਮਲਪ੍ਰੀਤ ਗਿੱਲ ਇਸ ਦਿਨ ਤੋਂ ਕੁਝ ਦਿਨ ਪਹਿਲਾਂ ਆਪਣੇ ਦਾਦਾ ਜੀ ਨੂੰ ਇਕ ਪੱਤਰ ਲਿਖਕੇ ਕਿਹਾ ਕਿ ਉਸਨੂੰ ਹੋਸਟਲ ਵਿਚ ਕੁਝ ਅਣਸੁਖਾਵੀਆਂ ਹਾਲਤਾਂ ਦਾ ਸਾਮਣਾ ਕਰਨਾ ਪੈ ਰਿਹਾ ਹੈ ਇਸ ਕਰਕੇ 12 ਜਨਵਰੀ ਸਾਢੇ ਚਾਰ ਵਜੇ ਤੋਂ ਪਹਿਲਾਂ ਪਹਿਲਾਂ ਉਸਨੂੰ ਇਸ ਹੋਸਟਲ ਵਿਚੋਂ ਕੱਢ ਲਿਆ ਜਾਵੇ। ਇਸ ਲੜਕੀ ਦੇ ਮਾਤਾ ਪਿਤਾ ਬਹਿਰੀਨ ਵਿਚ ਰਹਿੰਦੇ ਹਨ ਅਤੇ ਇਸ ਦੇ ਦਾਦਾ ਜੀ ਹੀ ਇਧਰ ਸਨ। ਇਹ ਪੱਤਰ ਦਾਦਾ ਜੀ ਨੂੰ 14 ਜਨਵਰੀ ਨੂੰ ਮਿਲਿਆ। ਪੱਤਰ ਮਿਲਦੇ ਸਾਰ ਜਦੋਂ ਉਹਨਾਂ ਨੇ ਹੋਸਟਲ ਅਧਿਕਾਰੀਆਂ ਨਾਲ ਸੰਪਰਕ ਕੀਤਾ ਤਾਂ ਜਵਾਬ ਮਿਲਿਆ ਕਿ ਕਿ ਕਮਲਪ੍ਰੀਤ ਆਪਣੀ ਸਹੇਲੀ ਜਸਪ੍ਰੀਤ ਸੰਧੂ ਨਾਲ ਉਸਦੇ ਪਿੰਡ ਗਈ ਹੋਈ ਹੈ ਅਤੇ ਚਾਰ ਕੁ ਦਿਨ ਤਕ ਵਾਪਸ ਆਵੇਗੀ। ਦੂਸਰੇ ਤੀਜੇ ਅਤੇ ਚੌਥੇ ਦਿਨ ਪਤਾ ਕਰਨ ਉਤੇ ਅਧਿਕਾਰੀਆਂ ਨੇ ਕਿਹਾ "ਆਪਣੀ ਲੜਕੀ ਨੂੰ ਨੇਪਾਲ ਵਿਚੋਂ ਲੱਭੋ" ਇਸੇ ਸਮੇਂ ਦੌਰਾਨ ਕਮਲਪ੍ਰੀਤ ਦੀ ਮਾਤਾ ਵੀ ਬਹਿਰੀਨ ਤੋਂ ਆ ਗਈ ਹੈ ਪਰ ਕਾਲਜ ਅਧਿਕਾਰੀਆਂ ਨੇ ਉਸਦੀ ਕੋਈ ਗਲ ਨਹੀਂ ਸੁਣੀ। ਉਸ ਨੇ ਜ਼ਿਲ੍ਹਾ ਅਧਿਕਾਰੀਆਂ ਕੋਲ ਕਾਲਜ ਅਧਿਕਾਰੀਆਂ ਵਿਰੁਧ ਸ਼ਕਾਇਤ ਕੀਤੀ ਅਤੇ ਨਾਲ ਹੀ ਕਮਲਪ੍ਰੀਤ ਵਲੋਂ ਹੋਸਟਲ ਦੇ ਪ੍ਰਬੰਧ ਬਾਰੇ ਲਿਖੇ ਪੱਤਰ ਰਲੀਜ਼ ਕਰ ਦਿਤੇ ਹਨ। ਇਹਨਾਂ ਪੱਤਰਾਂ ਨਾਲ ਦੋਹਾਂ ਲੜਕੀਆਂ ਦੇ ਅਗਵਾ ਨਾਲ ਕਾਲਜ ਦੇ ਪ੍ਰਬੰਧਕਾਂ ਦਾ ਕੁਝ ਨਾ ਕੁਝ ਲਗਾਉ ਜਰੂਰੀ ਜਾਪਦਾ ਹੈ।

ਇਸੇ ਦੇ ਨਾਲ ਹੀ ਕਾਲਜ ਦੀ ਪ੍ਰਿੰਸੀਪਲ ਸ੍ਰੀਮਤੀ ਸੰਤੋਸ਼ਪੁਰੀ ਨੇ ਪਹਿਲੀ ਵਾਰ ਕੁਝ ਕਿਹਾ ਹੈ ਪਰ ਉਹਨਾਂ ਨੇ ਲੜਕੀਆਂ ਦੇ ਗੁੰਮ ਹੋਣ ਦਾ ਦਿਨ 21 ਜਨਵਰੀ ਦਸਿਆ ਹੈ।

ਜਦੋਂ ਕਿ ਅਸਲੀਅਤ ਵਿਚ ਉਹ 14 ਜਨਵਰੀ ਤੋਂ ਹੀ ਹੋਸਟਲ ਵਿਚੋਂ ਗੁੰਮ ਹਨ ਅਤੇ ਇਸ ਦਿਨ ਤੋਂ ਹੀ ਉਹਨਾਂ ਦੀ ਤਲਾਸ਼ ਜਾਰੀ ਹੈ।

ਸ੍ਰੀਮਤੀ ਸੰਤੋਸ਼ਪੁਰੀ ਨੇ ਕਿਹਾ ਹੈ ਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ ਕਾਲਜ ਦੀਆਂ ਦੋ ਲੜਕੀਆਂ 21 ਜਨਵਰੀ ਤੋਂ ਹੋਸਟਲ ਵਿਚੋਂ ਗੁੰਮ ਹਨ ਪਰ ਕੁਝ ਅਨਸਰ ਸਾਰੀ ਘਟਨਾ ਨੂੰ ਗਲਤ ਰੰਗ ਦੇ ਰਹੇ ਹਨ ਤਾਂ ਜੋ ਕਾਲਜ ਨੂੰ ਬਦਨਾਮ ਕੀਤਾ ਜਾ ਸਕੇ।

ਉਹਨਾਂ ਦਾ ਕਹਿਣਾ ਹੈ ਕਿ ਲੜਕੀਆਂ ਦੇ ਗੁੰਮ ਹੋਣ ਕਾਰਨ ਹੋਸਟਲ ਦੀਆਂ ਦੋ ਵਾਰਡਨਾਂ ਨੂੰ ਮੁਅਤਲ ਕਰ ਦਿਤਾ ਗਿਆ ਹੈ ਕਿਉਂਕਿ ਉਹਨਾਂ ਦੀ ਕੋਤਾਹੀ ਕਾਰਨ ਦੋਵੇਂ ਲੜਕੀਆਂ ਹੋਸਟਲ ਵਿਚੋਂ ਗੁੰਮ ਹੋਈਆਂ। ਉਹਨਾਂ ਦਸਿਆ ਕਿ ਉਹ ਅਤੇ ਕਾਲਜ ਦੀ ਪ੍ਰਬੰਧਕ ਕਮੇਟੀ ਮਾਮਲੇ ਦੀ ਪੜਤਾਲ ਕਰ ਰਹੇ ਪੁਲੀਸ ਕਰਮਚਾਰੀਆਂ ਨੂੰ ਪੂਰਾ ਸਹਿਯੋਗ ਦੇ ਰਹੇ ਹਨ।

ਇਸੇ ਦੌਰਾਨ ਪਤਾ ਲਗਾ ਹੈ ਕਿ ਪੁਲੀਸ ਨੇ ਵਡਾਲਾ ਪਿੰਡ ਦੀ ਇਕ ਟੈਕਸੀ ਦਾ ਵੀ ਪਤਾ ਲਗਾਇਆ ਹੈ ਜਿਹੜੀ ਕਥਿਤ ਤੌਰ ਤੇ ਲੜਕੀਆਂ ਨੂੰ ਕਾਲਜ ਵਿਚੋਂ ਲਿਜਾਣ ਲਈ ਵਰਤੀ ਗਈ।

'ਲੋਕ ਵਾਰਤਾ' ਅਨੁਸਾਰ ਇਹ ਵੀ ਪਤਾ ਲਗਾ ਹੈ ਕਿ ਪੁਲਸ ਇਸ ਮਾਮਲੇ ਵਿਚ ਦੋਹਾਂ ਵਿਚੋਂ ਕਿਸੇ ਇਕ ਲੜਕੀ ਦੇ ਸਥਾਨਕ ਰਿਸ਼ਤੇਦਾਰ ਦਾ ਹੱਥ ਹੋਣ ਦੀ ਸੰਭਾਵਨਾ ਨੂੰ ਧਿਆਨ ਵਿਚ ਰਖਕੇ ਵੀ ਮਾਮਲੇ ਦੀ ਪੜਤਾਲ ਕਰ ਰਹੀ ਹੈ।

ਇਹ ਵੀ ਵਰਨਣ ਯੋਗ ਹੈ ਕਿ ਇਸ ਮਾਮਲੇ ਸਬੰਧੀ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਨ੍ਹਾ ਵਿਚੋਂ ਇਕ ਨੂੰ ਬਾਅਦ ਵਿਚ ਛਡ ਦਿਤਾ ਗਿਆ। ਕਾਲਜ ਦੇ ਸਟਾਫ ਨੇ ਕਾਲਜ ਦੇ ਅਜਿਹੇ ਪ੍ਰਬੰਧ ਵਿਰੁਧ ਰੋਸ ਪ੍ਰਗਟ ਕੀਤਾ ਤੇ ਹੜਤਾਲ ਕੀਤੀ। ਕਾਲਜ ਬੰਦ ਕਰਨ ਦਾ ਐਲਾਨ ਕਰ ਦਿਤਾ ਗਿਆ ਹੈ।

ਫ਼ਿਲਮ ਦਰਪਣ

● ਅਮਿਤਾਭ ਅਤੇ ਉਸ ਦਾ ਭਰਾ ਅਮਿਤਾਭ ਦੋਨੋਂ ਫਿਲਮ 'ਸ਼ਾਇਰ' ਦੇ ਸਹਿ-ਨਿਰਮਾਤਾ ਹੋਣਗੇ । ਫਿਲਮ ਨਿਰਮਾਣ-ਕਾਰਜ ਵਿਚ ਅਮਿਤਾਭ ਨੇ ਇਹ ਪਹਿਲਾ ਕਦਮ ਰਖਿਆ ਹੈ । ਇਸ ਫਿਲਮ ਦੇ ਦੂਜੇ ਸਹਿ ਨਿਰਮਾਤਾ ਹਨ ਪ੍ਰਕਾਸ਼ ਮਹਿਰਾ ਅਤੇ ਸਤਿਅਨ ਪਾਲ ਚੌਧਰੀ ।

● ਦੇਵ ਆਨੰਦ ਅਤੇ ਉਸ ਦੇ ਛੋਟੇ ਭਰਾ ਵਿਜੇ ਆਨੰਦ ਵਿਚ ਮਨ-ਮੁਟਾਵ ਦੂਰ ਹੋ ਗਿਆ ਹੈ । ਨਵਕੇਤਨ ਦੇ ਬੈਨਰ ਹੇਠ ਹੁਣ ਵਿਜੇ ਆਨੰਦ ਇਕ ਫਿਲਮ ਬਣਾਏਗਾ ਜਿਸ ਦਾ ਹੀਰੋ ਦੇਵ ਆਨੰਦ ਦਾ ਲੜਕਾ ਸੁਨੀਲ ਆਨੰਦ ਹੋਵੇਗਾ । ਇਸ ਫਿਲਮ ਵਿਚ ਦੇਵ ਆਨੰਦ ਪ੍ਰੋਡਿਊਸਰ ਦੀ ਭੂਮਿਕਾ ਨਿਭਾਏਗਾ ।

● ਵਿਨੋਦ ਪਾਂਡੇ ਦੇ ਨਿਰਦੇਸ਼ਨ ਵਿਚ ਇਕ ਫਿਲਮ ਬਣ ਰਹੀ ਹੈ ਜਿਸ ਵਿਚ ਮਿਥੁਨ ਚਕਰਵਰਤੀ ਤੇ ਡਿੰਪਲ ਕਪਾਡੀਆ ਨੂੰ ਸਾਈਨ ਕਰ ਲਿਆ ਗਿਆ ਹੈ । ਫਿਲਮ ਦਾ ਨਾਂ ਅਜੇ ਕੋਈ ਨਹੀਂ ਰਖਿਆ ।

● ਅਸ਼ੋਕ ਰਾਏ ਦੇ ਨਿਰਦੇਸ਼ਨ ਹੇਠ ਬਣ ਰਹੀ 'ਫੂਲਨ ਦੇਵੀ' ਮੁਕੰਮਲ ਹੋ ਗਈ ਹੈ । ਇਸ ਫਿਲਮ ਵਿਚ ਰੀਟਾ ਭਾਦੁੜੀ ਤੇ ਸੁਰੇਸ਼ ਓਬਰਾਏ ਮੁਖ ਭੂਮਿਕਾ ਨਿਭਾ ਰਹੇ ਹਨ।

● 'ਕੂਲੀ' ਫਿਲਮ ਦੇ ਅੰਤ ਨੂੰ ਲੈ ਕੇ ਅਮਿਤਾਭ ਬੱਚਨ ਅਤੇ ਨਿਰਮਾਤਾ-ਨਿਰਦੇਸ਼ਕ ਮਨਮੋਹਨ ਦੇਸਾਈ ਵਿਚ ਤਿੱਖੇ ਮਤਭੇਦ ਪੈਦਾ ਹੋ ਗਏ ਹਨ । ਫਿਲਮ ਦੇ ਅੰਤ ਵਿਚ ਅਮਿਤਾਭ ਬੱਚਨ ਮਰਨਾ ਚਾਹੁੰਦਾ ਸੀ ਪਰ ਦੇਸਾਈ ਸਾਹਬ ਨੇ ਅਜਿਹਾ ਨਹੀਂ ਕੀਤਾ ।

● ਇਸ ਮਤਭੇਦ ਕਰਕੇ ਹੀ ਦੇਸਾਈ ਦੀ ਅਗਲੀ ਫਿਲਮ 'ਮਰਦ' ਅਧ-ਵਿਚਾਲੇ ਹੀ ਲਟਕ ਗਈ ਹੈ । ਮਨਮੋਹਨ ਦੇਸਾਈ ਹੁਣ ਰਾਜੇਸ਼ ਖੰਨਾ ਨਾਲ ਗਲ ਕਰ ਰਹੇ ਹਨ ।

● ਮਨੋਜ ਕੁਮਾਰ ਛੇਤੀ ਹੀ ਇੱਕਠੀਆਂ ਤਿੰਨ ਫਿਲਮਾਂ ਦਾ ਨਿਰਮਾਣ ਸ਼ੁਰੂ ਕਰ ਰਿਹਾ ਹੈ।ਇਨ੍ਹਾਂ ਵਿਚੋਂ ਦੋ ਦਾ ਨਾਂ ਹੈ—'ਕਲਯੁਗ ਕੀ ਰਮਾਇਣ'ਅਤੇ 'ਭਾਰਤ ਕਾ ਬੇਟਾ' ਇਨ੍ਹਾਂ ਦੋ ਫਿਲਮਾਂ ਵਿਚ ਉਸਦਾ ਵੱਡਾ ਲੜਕਾ ਵਿਸ਼ਾਲ ਹੀਰੋ ਹੋਵੇਗਾ । ਤੀਜੀ ਫਿਲਮ (ਹਾਲੇ ਨਾਂ ਨਹੀਂ ਰਖਿਆ) ਵਿਚ ਉਸਦਾ ਛੋਟਾ ਭਰਾ ਰਾਜੀਵ ਗੋਸਵਾਮੀ ਕੰਮ ਕਰੇਗਾ ਤੇ ਨਿਰਦੇਸ਼ਨ ਵੀ ਆਪ ਹੀ ਕਰੇਗਾ ।

● ਰੇਖਾ ਵਲੋਂ ਕੋਰੀ ਨਾਂਹ ਮਿਲਣ ਤੇ ਫਿਰੋਜ਼ ਖਾਂ ਆਪਣੀ ਫਿਲਮ 'ਜਾਂਬਾਜ਼' ਲਈ ਹੀਰੋਇਨ ਵਜੋਂ ਸ਼ਬਾਨਾ ਆਜ਼ਮੀ ਨਾਲ ਗਲਬਾਤ ਕਰ ਰਹੇ ਹਨ ।


● ਸਾਵਨ ਕੁਮਾਰ ਨੇ ਆਪਣੀ ਫਿਲਮ 'ਲੈਲਾ' ਵਿਚ ਪਦਮਿਨੀ ਕੋਲ੍ਹਾਪੁਰੀ ਨੂੰ ਵੀ ਲੈ ਲਿਆ ਹੈ । ਪਹਿਲਾਂ ਉਸ ਵਿਚ ਅਨਿਲ ਕਪੂਰ ਤੇ ਪੂਨਮ ਢਿਲੋਂ ਸਾਈਨ ਕੀਤੇ ਹੋਏ ਹਨ ।

● ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਪੋਤਾ ਇੰਦਰਜੀਤ ਰਾਜਸ਼੍ਰੀ, ਮਿਲਨ ਮੂਵੀਜ਼ ਅਤੇ ਸਤਾਨਾ ਬ੍ਰਾਦਰਜ਼ ਦੀਆਂ ਨਵੀਆਂ ਫਿਲਮਾਂ ਵਿਚ ਹੀਰੋ ਦੀਆਂ ਭੂਮਿਕਾਵਾਂ ਕਰੇਗਾ ।

● ਨਿਰਦੇਸ਼ਕ ਮਹੇਸ਼ ਭੱਟ ਨੇ ਫਿਲਮ 'ਬੋਸ਼ੇ ਕਾ ਘਰ' ਵਿਚ ਹੀਰੋਇਨ ਸਲਮਾ ਆਗਾ ਦੀ ਥਾਂ ਪਦਮਿਨੀ ਕੋਲ੍ਹਾਪੁਰੀ ਨੂੰ ਲੈ ਲਿਆ ਹੈ । □

ਅਸਲ ਵਿਚ ਮੈਂ ਬਹੁਤ ਖੁੱਲ੍ਹੇ ਦਿਲ ਵਾਲੀ 'ਫਰੈਂਕ' ਕੁੜੀ ਹਾਂ, ਇਸ ਕਰਕੇ ਸਾਰਿਆਂ ਨਾਲ ਹੱਸ ਕੇ ਬੋਲ ਲੈਂਦੀ ਹਾਂ । ਇਸ ਕਾਰਨ, ਲੋਕੀ ਗਲਤ ਫਹਿਮੀ ਦਾ ਸ਼ਿਕਾਰ ਹੋ ਜਾਂਦੇ ਹਨ । ਹੁਣ ਮੈਂ ਲੋਕਾਂ ਨਾਲ ਬੋਲਣ-ਚਲਣ ਵਿਚ ਸਾਵਧਾਨ ਹੋ ਗਈ ਹਾਂ ।

ਸ਼ੋਮਾ ਆਨੰਦ



ਫਿਲਮ 'ਮਹਿਫ਼' ਵਿਚ ਦੀਪਕ ਪਰਾਸ਼ਰ ਅਤੇ ਸ਼ੋਮਾ ਆਨੰਦ

(ਪੰਨਾ 11 ਦੀ ਬਾਕੀ)

ਉਹਦੇ ਵਿਚੋਂ ਕਿਤਾਬਾ ਕੱਢ ਕੱਢ ਕੇ ਉਲਟੀਆਂ ਸਿਧੀਆਂ ਅਲਮਾਰੀ ਵਿਚ ਰੱਖਣ ਲੱਗਾ। ਨਾਲ ਹੀ ਬੁੜ ਬੜਾਉਂਦਾ ਰਿਹਾ। "ਹੂੰ ਸਾਰਾ ਦਿਨ ਸਕੂਲ ਵਿਚ ਮਰੋ, ਘਰ ਆਉ ਤਾਂ ਰੋਟੀ ਵੀ ਨਹੀਂ ਮਿਲਦੀ।"

ਨਿਰਮਲਾ ਪਈ ਪਈ ਅੱਧ ਖੁਲ੍ਹੀਆਂ ਅੱਖਾਂ ਨਾਲ ਸਭ ਕੁਝ ਦੇਖ ਰਹੀ ਸੀ ਮੁਸਕਰਾ ਕੇ ਬੋਲੀ, "ਸਕੂਲ ਜਾ ਕੇ ਕੋਈ ਅਹਿਸਾਨ ਕਰਦੈ ਸਾਡੇ ਤੇ ਆਪਣੇ ਭਲੇ ਲਈ ਹੀ ਜਾਂਦੈ।" "ਨਹੀਂ ਜਾਂਦਾ ਸਕੂਲ ਕੱਲ ਤੋਂ" "ਚੰਗਾ ਚੰਗਾ ਨਾ ਜਾਈਂ ਹੁਣ ਜਾ ਕੇ ਮੂੰਹ ਹੱਥ ਧੋ ਆ, ਗੀਤਾ ਬੇਟੀ ਜਾਹ ਰੋਟੀ ਲਿਆ ਦੇਹ ਵੀਰ ਨੂੰ ਤੇ ਹਾਂ ਇਕ ਫਾੜੀ ਆਚਾਰ ਦੀ ਵੀ ਲੈ ਆਈਂ —"। ਨਿਰਮਲਾ ਜਾਣਦੀ ਹੈ ਕਿ ਅਜੇ ਨੂੰ ਅੰਬ ਦਾ ਆਚਾਰ ਬਹੁਤ ਚੰਗਾ ਲਗਦਾ ਹੈ। ਇਹ ਕਹਿ ਕੇ ਜਦ ਉਸਨੇ ਅਜੇ ਵੱਲ ਤਿਰਛੀਆਂ ਨਜ਼ਰਾਂ ਨਾਲ ਦੇਖਿਆ ਤਾਂ ਉਸਦੇ ਤਣੇ ਹੋਏ ਹੋਂਠ ਮੁਸਕਰਾਹਟ ਨਾਲ ਫੈਲ ਗਏ ਅਤੇ ਉਹ ਸ਼ਰਮਾਉਂਦਾ ਨਲਕੇ ਵੱਲ ਭੱਜ ਗਿਆ।

ਸ਼ਾਮ ਦੇ ਪੰਜ ਵੱਜ ਰਹੇ ਸੀ ਕਮਲ ਦੇ ਆਉਣ ਦਾ ਸਮਾਂ ਹੋ ਰਿਹਾ ਸੀ। ਨਿਰਮਲਾ ਉਠੀ ਅਤੇ ਰਸੋਈ ਵਿਚ ਜਾ ਕੇ ਚਾਹ ਅਤੇ ਸ਼ਾਮ ਦੇ ਖਾਣੇ ਦੇ ਪ੍ਰਬੰਧ ਵਿਚ ਜੁਟ ਗਈ। ਅੰਗੀਠੀ ਜਲਾ ਕੇ ਉਸਨੇ ਉਤੇ ਤੱਕ ਪੱਕੇ ਕੋਲੇ ਧਰ ਕੇ ਉਸ ਨੂੰ ਸੁਲਗਾਉਣ ਲਈ ਬਾਹਰ ਗਲੀ ਵਿਚ ਰਖ ਦਿਤਾ ਅਤੇ ਆਪ ਇਕ ਥਾਲੀ ਵਿਚ ਥੋੜੀ ਜਿਹੀ ਦਾਲ ਕੱਢ ਕੇ ਚੁਗਣ ਲਈ ਬੈਠ ਗਈ। ਗੀਤਾ ਕਮਰਿਆਂ ਵਿਚ ਝਾੜੂ ਲਾ ਰਹੀ ਸੀ। ਗੋਦੀ ਵਿਚ ਬਿੱਟੀ ਨੂੰ ਲਈ ਵਿਜੇ, ਗੀਤਾ ਅਤੇ ਸੀਤਾ ਦੇ ਨਾਲ ਬਾਹਰ ਗਲੀ ਵਿਚ ਖੇਲ ਰਿਹਾ ਸੀ। ਹੋਰ ਵੀ ਬਹੁਤ ਸਾਰੇ ਬੱਚੇ ਗਲੀ ਵਿਚ ਖੇਲ ਰਹੇ ਸਨ ਪਰ ਅਜੇ ਦਾ ਪਤਾ ਨਹੀਂ ਸੀ। ਸਕੂਲ ਤੋਂ ਆ ਕੇ ਰੋਟੀ ਖਾ ਕੇ ਹੀ ਪਤਾ ਨਹੀਂ ਕਿਧਰ ਨੂੰ ਚਲਿਆ ਗਿਆ ਸੀ ਅੱਜ ਹੀ ਨਹੀਂ, ਇਹ ਹਰ ਰੋਜ਼ ਦੀ ਗੱਲ ਹੈ। ਰੋਟੀ ਖਾ ਕੇ ਉਹ ਘਰੋਂ ਬਾਹਰ ਨਿਕਲ ਜਾਂਦਾ ਹੈ ਅਤੇ ਹੁਣ ਜਾਂ ਤਾਂ ਕਿਤੇ ਗਲੀ ਦੇ ਮੁੰਡਿਆਂ ਨਾਲ ਕੱਟੇ ਹੋਏ ਪਤੰਗਾਂ ਦੇ ਪਿੱਛੇ ਭੱਜ ਰਿਹਾ ਹੋਵੇਗਾ ਜਾਂ ਕਿਤੇ ਗੋਲੀਆਂ ਖੇਡ ਰਿਹਾ ਹੋਵੇਗਾ। ਤੇ ਜਾਂ ਕਿਤੇ ਆਵਾਰਾ ਮੁੰਡਿਆਂ ਨਾਲ ਲੜਾਈ ਝਗੜਾ ਕਰ ਰਿਹਾ ਹੋਵੇਗਾ। ਨਿਰਮਲਾ ਪਰੇਸ਼ਾਨ ਹੈ ਕਿ ਕਿਵੇਂ ਸਮਝਾਏ ਇਸ ਮੁੰਡੇ ਨੂੰ ਪੜ੍ਹਾਈ ਵਿਚ ਅਤੇ ਘਰ ਵਿਚ ਉਸਦਾ ਬਿਲਕੁਲ ਜੀਅ ਨਹੀਂ ਲੱਗਦਾ ਕਿੰਨੀ ਵਾਰ ਉਹ ਉਸਨੂੰ ਕੁਟ ਚੁਕੀ ਹੈ ਪਰ ਉਸਨੂੰ ਇਕ ਵੀ ਨਹੀਂ ਪੋਂਹਦੀ। ਕਮਲ ਹੈ ਉਸਨੂੰ ਉਸਦੀ ਕੋਈ ਚਿੰਤਾ ਹੀ ਨਹੀਂ। ਇਕ ਵਾਰ ਜਦ ਉਸਨੇ ਬਹੁਤ ਸ਼ਿਕਾਇਤ ਕੀਤੀ ਸੀ ਤਾਂ ਰਾਤ ਨੂੰ ਪਾਏ ਕੱਪੜਿਆਂ ਅਤੇ ਮਿੱਟੀ ਨਾਲ ਲਥਪਥ ਹੋ ਕੇ ਜਦ ਅਜੇ ਸਹਿਮੇ ਹੋਏ ਕਦਮਾਂ ਨਾਲ ਘਰ ਅੰਦਰ ਸੀ ਤਾਂ ਉਠ ਕੇ ਕਮਲ ਨੇ ਸੋਟੀ ਨਾਲ ਉਸਨੂੰ ਏਨਾ ਕੁਟਿਆ ਸੀ ਕਿ ਤਿੰਨ ਦਿਨ ਤੱਕ ਉਹ ਮੰਜੇ ਤੋਂ ਨਹੀਂ ਸੀ ਉਠ ਸਕਿਆ। ਮੁੜ ਕੇ ਨਿਰਮਲਾ ਨੇ ਕਮਲ ਨੂੰ ਕੁਛ ਕਹਿਣਾ ਹੀ ਛੱਡ ਦਿਤਾ ਸੀ ਆਪ ਹੀ ਬੁੜ ਬੁੜਾਉਂਦੀ ਰਹਿੰਦੀ ਅਤੇ ਕਮਲ ਨੇ ਤਾਂ ਇਕ ਦਫ਼ਾ ਆਪਣੀ ਸੋਟੀ ਦਾ ਕਮਾਲ ਦਿਖਾ ਕੇ ਆਪਣੇ ਫਰਜ਼ ਦੀ ਪੂਰਤੀ ਕਰ ਲਈ ਸੀ।

ਗਲੀ ਵਿਚ ਸਾਈਕਲ ਦੀ ਆਵਾਜ਼ ਸੁਣਦਿਆਂ ਹੀ ਬਾਹਰ ਖੇਲ ਦੀਆਂ ਹੋਈਆਂ ਗੀਤਾ ਤੇ ਸੀਤਾ "ਪਾਪਾ ਆ ਗਏ ਪਾਪਾ ਆ ਗਏ।" ਚੀਕ ਚਿਹਾੜਾ ਪਾਉਂਦੀਆਂ ਉਸ ਵੱਲ ਭੱਜ ਗਈਆਂ ਅਤੇ ਥੋੜੇ ਚਿਰ ਪਿਛੋਂ ਹੀ ਸਾਈਕਲ ਦੇ ਅਗਲੇ ਡੰਡੇ ਤੇ ਦੋਵਾਂ ਕੁੜੀਆਂ ਨੂੰ ਬਿਠਾਈ ਕਮਲ ਘਰ ਅੰਦਰ ਆ ਵੜਿਆ। ਪਿਛੇ ਪਿਛੇ ਵਿਜੇ ਵੀ ਗੋਦੀ ਵਿਚ ਬਿੱਟੀ ਨੂੰ ਚੱਕੀ ਘਰ ਆ ਗਿਆ। ਵਿਹੜੇ ਵਿਚ ਇਕ ਪਾਸੇ ਸਾਈਕਲ ਖੜੀ ਕਰਕੇ ਕਮਲ ਨੇ ਦੋਨਾਂ ਕੁੜੀਆਂ ਨੂੰ ਥੱਲੇ ਲਾਹਿਆ। ਅਤੇ ਪਿੱਛੇ ਲੱਗੇ ਕੈਰੀਅਰ ਤੋਂ ਟਿਫਨ ਲਾਹ ਕੇ ਗੀਤਾ ਨੂੰ ਫੜਾ ਦਿਤਾ ਅਤੇ ਆਪ ਕਮਰੇ ਵਿਚ ਚਲਾ ਗਿਆ। ਕਪੜੇ ਆਦਿ ਬਦਲ ਕੇ ਅਤੇ ਬਾਥਰੂਮ ਚੋਂ ਹੱਥ ਮੂੰਹ ਧੋ ਕੇ ਜਦ ਉਹ ਵਿਹੜੇ ਵਿਚ ਪਈ ਮੰਜੀ ਤੇ ਆ ਕੇ ਬੈਠਿਆ ਤਾਂ ਬੱਚੇ ਫਿਰ ਗਲੀ ਵਿਚ ਚਲੇ ਗਏ ਸਨ।

ਨਿਰਮਲਾ ਬਾਹਰੋਂ ਅੰਗੀਠੀ ਚੁਕ ਲਿਆਈ ਤੇ ਚਿਮਟੇ ਨਾਲ ਕੋਇਲੇ ਬਗੈਰਾ ਠੀਕ ਕਰਕੇ ਉਸਨੇ ਚਾਹ ਲਈ ਪਾਣੀ ਰਖ ਦਿਤਾ।

"ਗੀਤਾ, ਅਖਬਾਰ ਲਿਆਈਂ ਜ਼ਰਾ, ਰਾਮ ਬਾਬੂ ਦੇ ਘਰੋਂ।"—ਕਮਲ ਨੇ ਆਪਣੀਆਂ ਮੰਜੇ ਤੇ ਲੱਤਾਂ ਪਸਾਰਦੇ ਹੋਏ ਕਿਹਾ। ਅਤੇ ਗੀਤਾ ਗੁਆਂਢ ਵਿਚੋਂ ਦੇ ਰਾਮ ਬਾਬੂ ਦੇ ਘਰੋਂ ਅਖਬਾਰ ਮੰਗਣ ਚਲੀ ਗਈ। ਅਖਬਾਰ ਦਾ ਕਮਲ ਨੂੰ ਸ਼ੁਰੂ ਤੋਂ ਹੀ ਚਸਕਾ ਹੈ। ਪਹਿਲਾਂ ਉਹ ਆਪਦਾ ਅਖਬਾਰ ਮੰਗਵਾਉਂਦਾ ਸੀ, ਪਰੰਤੂ ਨਿਰਮਲ ਨੂੰ ਇਹ ਚਾਰ ਪੰਜ ਰੁਪਏ ਮਹੀਨੇ ਦਾ ਖਰਚ ਬਿਲਕੁਲ ਬੇਲੋੜਾ ਲਗਦਾ ਸੀ ਅਤੇ ਹਰ ਵਕਤ ਉਸਨੂੰ ਟੋਕਦੀ ਰਹਿੰਦੀ ਤੇ ਹਰ ਰੋਜ਼ ਦੀ ਇਸ ਕਿਚਕਿਚ ਤੋਂ ਤੰਗ ਆ ਕੇ ਕਮਲ ਨੇ ਸੋਚਿਆ ਕਿ ਅਖਬਾਰ ਪੜ੍ਹਨ ਦੇ ਸੁਖ ਤੋਂ ਵੱਧ ਦੁੱਖ ਮਨ ਨੂੰ ਕਲੇਸ਼ ਨਾਲ ਹੁੰਦਾ ਹੈ। ਜੋ ਚਾਰ ਪੰਜ ਰੁਪਏ ਗੈਰ ਜ਼ਰੂਰੀ ਖਰਚੇ ਦੀ ਆੜ ਵਿਚ ਨਿਰਮਲਾ ਸਦਾ ਮਚਾਈ ਰੱਖਦੀ ਹੈ, ਹਾਰ ਕੇ ਉਸਨੇ ਅਖਬਾਰ ਮੰਗਵਾਉਣਾ ਹੀ ਛੱਡ ਦਿਤਾ ਅਤੇ ਉਹ ਸ਼ਾਮ ਨੂੰ ਆਪਣੇ ਗੁਆਂਢੀ ਰਾਮਬਾਬੂ ਦੇ ਘਰੋਂ ਹੀ ਅਖਬਾਰ ਮੰਗਵਾ ਕੇ ਪੜ੍ਹ ਲੈਂਦਾ ਹੈ। ਉਹ ਸੁਵਾਦ ਤਾਂ ਉਸ ਵਿਚ ਨਹੀਂ ਰਹਿੰਦਾ ਜੋ ਸਵੇਰੇ ਸਵੇਰੇ ਚਾਹ ਦੀ ਪਿਆਲੀ ਨਾਲ ਤਾਜ਼ੇ ਤਾਜ਼ੇ ਅਖਬਾਰ ਦੇ ਅਣਖੁਲ੍ਹੀਆਂ ਪਰਤਾਂ ਵਿਚ ਖੋਲ੍ਹਣ ਵਿਚ ਆਉਂਦਾ ਸੀ। ਪਰ ਫਿਰ ਵੀ ਉਸਨੂੰ ਸੰਤੋਖ ਕਰਨਾ ਹੀ ਪਿਆ।

ਰਸੋਈ ਦੇ ਦਰਵਾਜ਼ੇ ਦੇ ਕੋਲ ਬੈਠ ਕੇ ਸਿਰ ਨੀਵਾਂ ਕਰੀ ਆਲੂ ਛਿਲਦੀ ਹੋਈ ਨਿਰਮਲਾ ਵੱਲ ਕਮਲ ਥੋੜੀ ਦੇਰ ਇਕ ਟੱਕ ਦੇਖਦਾ ਰਿਹਾ ਅਤੇ ਫਿਰ ਪੁਛਣ ਲੱਗਿਆ—"ਅਜੇ ਕਿੱਥੇ ਹੈ" ਅਤੇ ਪੁੱਛਦੇ ਹੀ ਉਸਨੂੰ ਲੱਗਿਆ ਕਿ ਇਹ ਸਵਾਲ ਉਸਨੇ ਫਜ਼ੂਲ ਵਿਚ ਹੀ ਕੀਤਾ ਕਿਉਂ ਜਵਾਬ ਵਿਚ ਨਿਰਮਲਾ ਨੇ ਜੋ ਕੁਛ ਕਹਿਣਾ ਹੈ ਉਹ ਤਾਂ ਉਸਨੂੰ ਪਤਾ ਹੀ ਹੈ।

ਨਿਰਮਲਾ ਜਿਵੇਂ ਸੱਚ ਮੁੱਚ ਹੀ ਇੰਤਜ਼ਾਰ ਕਰ ਰਹੀ ਸੀ—"ਕੀ ਪਤਾ ਕਿੱਥੇ ਹੈ। ਮੈਨੂੰ ਕੋਈ ਪੁਛ ਕੇ ਗਿਆ ਹੈ ਫਿਰਦਾ ਹੋਵੇਗਾ ਕਿਤੇ ਆਵਾਰਾਗਿਰਦੀ ਕਰਦਾ। ਘਰ ਵਿਚ ਥੋੜਾ ਉਸਦਾ ਮਨ ਲਗਦਾ ਹੈ। ਰੱਬ ਜਾਣੇ ਸਕੂਲ ਵਿਚ ਵੀ ਛੇ ਘੰਟੇ ਕਿਵੇਂ ਟਿਕ ਕੇ ਬੈਠਦਾ ਹੋਵੇਗਾ। — ਪਰ ਤੁਹਾਨੂੰ ਕੀ ਫਿਕਰ ਹੈ। ਤੁਹਾਨੂੰ ਅਖਬਾਰ ਤੋਂ ਵਿਹਲ ਮਿਲੇ ਤਾਂ ਹੀ ਹੈ ਨਾ! ਇਹ ਨਹੀਂ ਬਈ ਦਫਤਰ ਤੋਂ ਆ ਕੇ ਦੋ ਘੜੀਆਂ ਬੱਚਿਆਂ ਨੂੰ ਕੋਲ ਬਿਠਾ ਕੇ ਕੁਝ ਪੜ੍ਹਾ ਦੇਵਾਂ। ਆਏ ਤੇ ਆ ਕੇ ਅਖਬਾਰ ਖੋਹਲ ਕੇ ਬੈਠ ਗਏ।...ਰਾਮ ਲਾਲ ਵੱਲ ਹੀ ਦੇਖੋ, ਬੈਠ ਕੇ ਬੱਚਿਆਂ ਨੂੰ ਪੜ੍ਹਾ ਰਿਹਾ ਹੋਵੇਗਾ ਅਤੇ ਸਾਡੇ ਬੱਚੇ ਨੇ ਕਿ ਗਲੀਆਂ ਵਿਚ ਫਿਰਦੇ ਨੇ ਆਵਾਰਾਗਰਦਾਂ ਵਾਂਗ।'

ਗੀਤਾ ਅਖਬਾਰ ਲੈ ਆਈ ਸੀ। ਉਪਰ ਦੀਆਂ ਮੋਟੀਆਂ ਮੋਟੀਆਂ ਖਬਰਾਂ ਤੇ ਸਰਸਰੀ ਨਿਗ੍ਹਾ ਮਾਰਦੇ ਹੋਏ ਕਮਲ ਨੇ ਕਿਹਾ, "ਫਿਕਰ ਕਰਨ ਨੂੰ ਤੂੰ ਥੋੜ੍ਹੀ ਹੈਂ? ਚੌਵੀ ਘੰਟੇ ਡੰਡਾ ਲੈ ਕੇ ਪਿੱਛੇ ਪਈ ਰਹਿੰਦੀ ਹੈਂ ਬੱਚਿਆਂ ਦੇ, ਗਲੀ ਵਿਚ ਨਹੀਂ ਭੱਜਣਗੇ ਤਾਂ ਘਰ ਵਿਚ ਬੈਠਣਗੇ ਕੁੱਟ ਖਾਣ ਨੂੰ!"

—'ਹਾਂ, ਹਾਂ ਮੈਂ ਤਾਂ ਦੁਸ਼ਮਣ ਹਾਂ ਇਹਨਾਂ ਦੀ ਜੋ ਡੰਡਾ ਲੈ ਕੇ ਇਨ੍ਹਾਂ ਪਿਛੇ ਭੱਜਦੀ ਫਿਰਦੀ ਹਾਂ ਅਤੇ ਇਨ੍ਹਾਂ ਦਾ ਹੱਗਿਆ ਮੂਤਿਆ ਧੋਣ ਲਈ ਤੁਸੀਂ ਆ ਜਾਂਦੇ ਹੋ ਦਫਤਰ ਤੋਂ। ਇਹ ਮੈਂ ਹੀ ਹਾਂ ਜੋ ਇਨ੍ਹੀ ਦੇਖਭਾਲ ਕਰਦੀ ਹਾਂ, ਤੁਹਾਡੇ ਪਿਛੇ ਤਾਂ ਇਹ ਕੁੱਤਿਆਂ ਮਗਰ ਫਿਰਦੇ ਹੁੰਦੇ।'

ਕਮਲ ਨੇ ਦੇਖਿਆ ਕਿ ਹੁਣ ਉਸਨੇ ਫੇਰ ਕੁਝ ਕਿਹਾ ਤਾਂ ਕਹਿਣ-ਸੁਨਣ ਦਾ ਇਹ ਸਿਲਸਿਲਾ ਰੁਕਣ ਵਾਲਾ ਨਹੀਂ। ਇਸ ਲਈ ਬਿਨਾਂ ਬੋਲਿਆਂ ਉਹ ਚੁੱਪ ਚਾਪ ਅਖਬਾਰ ਪੜ੍ਹਦਾ ਰਿਹਾ। ਪੈਕਟ ਵਿਚੋਂ ਉਸਨੇ ਇਕ ਸਿਗਰਟ ਕੱਢ ਕੇ ਜਲਾਈ ਅਤੇ ਕੋਲੇ ਖੜ੍ਹੀ ਗੀਤਾ ਨੂੰ ਪੁਛਣ ਲੱਗਾ, "ਚਾਹ ਨਹੀਂ ਬਣੀ ਅਜੇ?" ਉਤਰ ਵਿਚ ਗੀਤਾ ਮਾਂ ਵੱਲ ਦੇਖਣ ਲੱਗੀ ਅਤੇ ਹੱਥ ਵਿਚਲੇ ਆਲੂ ਤੇ ਚਾਕੂ ਥਾਲੀ ਵਿਚ ਪਟਕ ਕੇ ਨਿਰਮਲਾ ਕ੍ਰਿਝਦੀ ਉਠੀ ਅਤੇ ਅੰਗੀਠੀ ਤੇ ਪਏ ਉਬਲਦੇ ਪਾਣੀ ਵਿਚ ਚਾਹ ਪੱਤੀ ਪਾਈ। ਭਾਂਡਿਆਂ ਦੇ ਖੜਕੇ ਨਾਲ ਉਸਦੇ ਬੁੜਬੁੜਾਉਣ ਦੀ ਆਵਾਜ਼ ਬਾਹਰ ਤੱਕ ਆਉਂਦੀ ਰਹੀ।।

ਥੋੜੇ ਚਿਰ ਪਿਛੋਂ ਜਦ ਉਹ ਪਿਆਲੇ ਵਿਚ ਚਾਹ ਪਾ ਕੇ ਲਿਆਈ ਤਾਂ ਕਮਲ ਇਹ ਦੇਖਕੇ ਹੈਰਾਨ ਹੋ ਗਿਆ ਕਿ ਅੱਜ ਪੁਰਾਣੇ ਹੈਂਡਲ ਦੇ ਬਗੈਰ ਪਿਆਲੇ ਦੀ ਥਾਂ ਨਵੇਂ ਪਿਆਲੇ ਵਿਚ ਚਾਹ ਲਿਆਈ ਸੀ। ਇਕ ਹੱਥ ਨਾਲ ਪਿਆਲਾ ਫੜਦਿਆਂ ਨਿਰਮਲਾ ਦੇ ਮੂੰਹ ਵਲ ਦੇਖਦਿਆਂ ਉਸਨੇ ਪੁਛਿਆ 'ਅੱਜ ਉਸ ਪਿਆਲੇ ਨੂੰ ਕੀ ਹੋ ਗਿਆ?'

—'ਟੁਟ ਗਿਆ'

—'ਚਲੋ ਪਿਛਾ ਛੁੱਟਿਆ। ਏਨੇ ਦਿਨਾਂ ਤੋਂ ਕਮਬਖਤ ਬਗੈਰ ਹੈਂਡਲ ਦੇ ਪਿਆਲੇ ਵਿਚ ਚਾਹ ਪੀਣੀ ਪੈਂਦੀ ਸੀ।

—'ਹਾਂ, ਹਾਂ, ਤੁਹਾਡਾ ਤਾਂ ਪਿੱਛਾ ਛੁੱਟ ਗਿਆ। ਘਰ ਵਿਚ ਨੁਕਸਾਨ ਹੋ ਗਿਆ ਅਤੇ ਇਨ੍ਹਾਂ ਨੂੰ ਖੁਸ਼ੀ ਹੋ ਰਹੀ ਹੈ। ਇਸ ਨੂੰ ਵੀ ਤੋੜ ਦਿਓ, ਹੋਰ ਵੀ ਤਿੰਨ ਪਿਆਲੇ ਪਏ ਹਨ ਅਲਮਾਰੀ ਵਿਚ, ਉਨ੍ਹਾਂ ਨੂੰ ਵੀ ਤੋੜ ਦਿਓ, ਇਕ ਵਾਰ ਹੀ ਪਿੱਛਾ ਛੁੱਟ ਜਾਏ।'

'ਸਹੁਰੀਏ, ਕੀ ਮੈਂ ਤੋੜ ਗਿਆ ਉਸਨੂੰ ਦਫਤਰ ਤੋਂ ਆ ਕੇ ਜੋ ਮੇਰੇ ਪਿੱਛੇ ਪਈ ਹੈਂ। ਆਪ ਹੀ ਭਾਵੇਂ ਘਰ 'ਚ ਬੈਠੀ ਬੈਠੀ ਤੋੜ ਭੰਨ ਕਰਦੀ ਰਹੇ ਪਰ ਤੁਹਮਤ ਦੂਜਿਆਂ ਤੇ ਲਾਉਂਦੀ ਹੈ।'

ਨਿਰਮਲਾ ਜਦ ਤਾਈਂ ਵਾਪਿਸ ਰਸੋਈ ਦੇ ਦਰਵਾਜ਼ੇ ਕੋਲ ਜਾ ਬੈਠੀ ਸੀ ਅਤੇ ਆਲੂ ਛਿੱਲਣ ਲੱਗ ਪਈ ਸੀ। ਉਥੋਂ ਹੀ ਤੜਪ ਕੇ ਬੋਲੀ, 'ਮੈਂ ਤਾਂ ਜਾਣੀ ਸਾਰਾ ਦਿਨ ਤੋੜ ਭੰਨ ਹੀ ਕਰਦੀ ਰਹਿੰਦੀ ਹਾਂ। ਮੈਂ ਹੀ ਫਾਲਤੂ ਦਿਸਦੀ ਹਾਂ ਤਾਂ ਲਿਆ ਦਿਓ ਪੁੜੀ ਅਫੀਮ ਦੀ। ਸਾਰਿਆਂ ਦਾ ਇਕ ਵਾਰ ਹੀ ਪਿੱਛਾ ਛੁੱਟ ਜਾਏ।' ਇਹ ਕਹਿੰਦਿਆਂ ਉਸ ਦਾ ਗਲ ਭਰ ਆਇਆ।

ਕਮਲ ਦਾ ਮਨ ਘੋਰ ਨਿਰਾਸ਼ਾ 'ਚ ਗੁੰਮ ਗਿਆ।

ਅੱਖਾਂ ਉਸਦੀਆਂ ਅਖਬਾਰ ਤੇ ਟਿਕੀਆਂ ਸਨ, ਪਰ ਉਹ ਪੜ੍ਹ ਕੁਝ ਵੀ ਨਹੀਂ ਰਿਹਾ ਸੀ। ਸਿਰ ਚੁੱਕ ਕੇ ਉਸਨੇ ਨਿਰਮਲਾ ਵੱਲ ਘੂਰ ਕੇ ਦੇਖਿਆ ਅਤੇ ਫੇਰ ਅਖਬਾਰ ਤੇ ਅੱਖਾਂ ਝੁਕਾ ਲਈਆਂ। ਉਹ ਬੁੜ ਬੁੜਾਇਆ - 'ਹਰ ਵਕਤ ਸਾਲੀ ਬਕਬਕ ਕਰਦੀ ਰਹਿੰਦੀ ਹੈ। ਇਕ ਮਿੰਟ ਵੀ ਆਦਮੀ ਆਰਾਮ ਨਾਲ ਨਹੀਂ ਬੈਠ ਸਕਦਾ ਘਰੇ।' ਅਤੇ ਉਹ ਫੇਰ ਅਖਬਾਰ ਵਿਚ ਮਨ ਲਗਾਉਣ ਦੀ ਕੋਸ਼ਿਸ਼ ਕਰਨ ਲੱਗਾ।

ਉਧਰ ਧੋਤੀ ਦੇ ਪੱਲੇ ਨਾਲ ਅੱਖਾਂ 'ਚ ਭਰ ਆਏ ਪਾਣੀ ਨੂੰ ਪੂੰਝਦੀ ਹੋਈ ਨਿਰਮਲਾ ਕਹੀ ਜਾ ਰਹੀ ਸੀ -'ਹਾਏ ਰਾਮ! ਫੁੱਟ ਗਈ ਕਿਸਮਤ ਮੇਰੀ! ਚੌਵੀ ਘੰਟੇ ਇਕ ਕੰਬਖਤ ਔਲਾਦ ਅਤੇ ਗ੍ਰਹਿਸਥੀ ਵਿਚ ਦੇ ਪਿੱਛੇ ਧੰਦਾ ਫੂਕੋ। ਕੀ ਮਜ਼ਾਲ ਕਿ ਇਕ ਮਿੰਟ ਵੀ ਆਰਾਮ ਮਿਲ ਜਾਏ ਸਰੀਰ ਨੂੰ। ਉਤੋਂ ਆਹ ਇਨਾਮ ਮਿਲਦਾ ਹੈ। ਸੋਨੇ ਵਰਗਾ ਸਰੀਰ ਜਲਾ ਕੇ ਖਾਕ ਕਰ ਦਿਤਾ ਇਸ ਧੰਦੇ ਨੇ ਫੂਕ ਫੂਕ ਕੇ। ਦਰਦ ਦੇ ਮਾਰੇ ਹਰ ਵੇਲੇ ਸਰੀਰ ਦੇ ਟੁਕੜੇ ਹੋਏ ਰਹਿੰਦੇ ਨੇ, ਘਰ ਫਿਕਰ ਕਿਸਨੂੰ ਹੈ ਮੇਰੀ! ਮੈਂ ਤਾਂ ਇਸ ਨਿੱਜ ਹੋਈ ਔਲਾਦ ਦੇ ਮੂੰਹ ਵੱਲੀਂ ਦੇਖਦੀ ਹਾਂ, ਕਿਸੇ ਕਰਮ ਦੀ ਹੋਵੇ - ਕਿਸੇ ਸਿਰੇ ਲੱਗ ਜਾਏ, ਨਹੀਂ ਮੇਰਾ ਕੀ ਹੈ? ਇਕ ਸਾਹ ਦੇ ਪ੍ਰਾਣ ਨੇ, ਕਿਸੇ ਦਿਨ ਗਲ 'ਚ ਰੱਸਾ ਪਾ ਲੂੰ ਤਾਂ ਸਾਰੇ ਦੇ ਸਾਰੇ ਬੰਨ੍ਹੇ ਜਾਵੋਂਗੇ।'

ਨਾ ਜਾਣੇ ਕਦ ਤੱਕ ਉਸਦੀ ਬੁੜ ਬੁੜ ਚਲਦੀ ਰਹੀ ਅਤੇ ਨਾ ਜਾਣੇ ਕਦ ਤੱਕ ਕਮਲ ਉਖੜੇ ਹੋਏ ਮਨ ਨਾਲ ਜ਼ਬਰਦਸਤੀ ਅਖਬਾਰ ਨਾਲ ਅੱਖਾਂ ਜੋੜਦਾ ਰਿਹਾ।

ਰਾਤ ਦੇ ਗਿਆਰਾਂ ਵਜ ਚੁੱਕੇ ਸਨ। ਖਾ ਪੀ ਕੇ ਸਭ ਬੱਚੇ ਆਪਣੇ ਆਪਣੇ ਵਿਛੌਣੇ 'ਚ ਦੁਬਕ ਕੇ ਸੌਂ ਗਏ ਸਨ। ਅੰਦਰ ਵਾਲੀ ਕੋਠੜੀ 'ਚ ਵਿਛੇ ਹੋਏ ਪਲੰਘ ਤੇ ਅਜੇ ਤੇ ਵਿਜੇ ਸੌਂ ਗਏ ਸਨ। ਬਾਹਰ ਦੇ ਕਮਰੇ 'ਚ ਤਿੰਨ ਮੰਜੇ ਸਨ, ਇਕ ਤੇ ਇਕੱਲੀ ਗੀਤਾ, ਇਕ ਤੇ ਗੀਤਾ ਤੇ ਸੀਤਾ ਇਕੱਠੀਆਂ ਸੌਂ ਗਈਆਂ ਸਨ। ਚੌਕੇ ਤੇ ਭਾਂਡੇ ਸਾਂਭ ਸਿਮਟ ਕੇ ਨਿਰਮਲਾ ਤੀਜੀ ਮੰਜੀ ਤੇ ਸੁੱਤੀ ਹੋਈ ਬਿੱਟੋ ਨਾਲ ਪੈ ਗਈ ਅਤੇ ਕਮਲ ਬਾਹਰ ਬਰਾਮਦੇ ਵਿਚ ਡਹੀ ਮੰਜੀ ਤੇ ਪੈ ਗਿਆ ਸੀ।

ਇਕਦਮ ਖਾਮੋਸ਼ੀ ਛਾਈ ਹੋਈ ਸੀ। ਰਾਤ ਦੇ ਹਨੇਰੇ ਨੇ ਜਿਵੇਂ ਰੌਲੇ ਗੌਲੇ ਨੂੰ ਵੀ ਢੱਕ ਕੇ ਸੁਆ ਦਿਤਾ ਸੀ।

ਗੱਠਾਂ ਖੁਲ੍ਹ ਗਈਆਂ ਸਨ ਅਤੇ ਵਾਤਾਵਰਣ ਦਾ ਤਣਾਅ ਢਿੱਲਾ ਪੈ ਗਿਆ ਸੀ।...

.......। ਕੰਮ ਧੰਦਾ ਹੈ ਤਾਂ ਉਸਦੀ ਖਿਝ ਹੈ, ਬਾਲ ਬੱਚੇ ਹਨ ਤਾਂ ਉਨ੍ਹਾਂ ਦਾ ਰੋਣਾ ਧੋਣਾ ਹੈ, ਪਿਆਲੇ ਪਲੇਟਾ ਹਨ ਤਾਂ ਉਨ੍ਹਾਂ ਦਾ ਟੁਟਣਾ ਫੁਟਣਾ ਹੈ—ਇਹ ਸਭ ਹੈ ਤਾਂ ਇਹ ਸਭ ਜਿਵੇਂ ਹੋਣਾ ਹੀ ਹੈ। ਜਿਵੇਂ ਰਾਤ ਆਈ ਹੈ ਤਾਂ ਉਸਦੇ ਨਾਲ ਹਨੇਰਾ ਆਇਆ ਹੈ, ਖਾਮੋਸ਼ੀ ਆਈ ਹੈ, ਆਰਾਮ ਆਇਆ ਹੈ ਅਤੇ ਹੁਣ ਨੀਂਦ ਆਵੇਗੀ ਅਤੇ ਕੁਝ ਘੰਟਿਆਂ ਲਈ ਜਿਵੇਂ ਸਟੇਜ ਤੇ ਪਰਦਾ ਡਿਗ ਪਵੇਗਾ।

ਲੇਕਿਨ ਇਹ ਵੀ ਜਿਵੇਂ ਰਾਤ ਦਾ ਹੀ ਜਾਦੂ ਸੀ ਕਿ ਕਾਫੀ ਦੇਰ ਤੱਕ ਪਾਸੇ ਬਦਲਦੇ ਰਹਿਣ ਤੇ ਵੀ ਕਮਲ ਨੂੰ ਨੀਂਦ ਨਹੀਂ ਸੀ ਆ ਰਹੀ। ਮਨ ਵਿਚ ਅਜੀਬ ਤਰ੍ਹਾਂ ਦੀ ਬੇਚੈਨੀ ਮੱਚ ਰਹੀ ਸੀ। ਆਖਰ ਉਸ ਨੇ ਆਵਾਜ਼ 'ਚ ਸੁਖਮਤਾ ਤੇ ਕੋਮਲਤਾ ਭਰ ਕੇ ਬੁਲਾਇਆ—

—ਨਿਰਮਲ!

—ਹੂੰ

—ਸੁੱਤੀ ਨਹੀਂ ਅਜੇ?

—ਊਂ ਹੂੰ!

—ਆ ਕੇ ਮੇਰੇ ਪੈਰ ਘੁੱਟ ਦੇ, ਨੀਂਦ ਨਹੀਂ ਆ ਰਹੀ।

ਉਸਦੀ ਇਸ ਆਵਾਜ਼ ਦੀ ਕੋਮਲਤਾ ਅਤੇ ਪੈਰ ਦਬਾਉਣ ਦਾ, ਅਰਥ ਨਿਰਮਲਾ ਚੰਗੀ ਤਰ੍ਹਾਂ ਜਾਣਦੀ ਹੈ। ਬੋਲੀ—ਹੁਣ ਅੱਜ ਰਹਿਣ ਦਿਓ, ਬੜੇ ਜ਼ੋਰ ਨਾਲ ਨੀਂਦ ਆ ਰਹੀ ਹੈ।

—ਆ ਜਾ ਨਾ ਜ਼ਰਾ। ਸਾਰਾ ਸਰੀਰ ਦੁੱਖ ਰਿਹਾ ਹੈ। ਥੋੜ੍ਹਾ ਚਿਰ ਪੈਰ ਦਬਾ ਦਿੰਦੀ ਤਾਂ ਨੀਂਦ ਆ ਜਾਂਦੀ।

ਨਿਰਮਲਾ ਅਲਸਾਈ-ਜਹੀ ਆਪਣੀ ਮੰਜੀ ਤੋਂ ਉਠ ਕੇ ਕਮਲ ਦੀ ਪੈਂਦ ਆ ਬੈਠੀ ਅਤੇ ਰਜਾਈ ਦੇ ਅੰਦਰ ਹੱਥ ਕਰਕੇ ਹੌਲੀ ਹੌਲੀ ਉਸਦੇ ਪੈਰ ਦਬਾਉਣ ਲੱਗੀ।

—ਕਿਉਂ ਦੁਖਦਾ ਸਰੀਰ ਤੁਹਾਡਾ? ਬਹੁਤ ਕੰਮ ਐਂ ਦਫਤਰ ਵਿਚ?

—ਦਫਤਰ 'ਚ ਕੰਮ ਦੀ ਕੁਝ ਨਾ ਪੁੱਛ। ਸਾਰਾ ਦਿਨ ਇਕ ਮਿੰਟ ਵੀ ਸਿਰ ਚੁੱਕਣ ਦੀ ਵਿਹਲ ਨਹੀਂ ਮਿਲਦੀ। ਕੁਰਸੀ ਤੇ ਬੈਠਿਆਂ ਬੈਠਿਆਂ ਕਮਰ ਦੂਹਰੀ ਹੋ ਜਾਂਦੀ ਹੈ।..... ਪਰ ਕੰਮ ਤਾਂ ਤੈਨੂੰ ਵੀ ਬਹੁਤ ਰਹਿੰਦਾ ਹੈ ਨਾ! ਥੱਕ ਜਾਂਦੀ ਹੋਵੇਂਗੀ ਤੂੰ ਵੀ ਤਾਂ।

—ਮੇਰੀ ਬੜੀ ਫਿਕਰ ਹੈ ਤੁਹਾਨੂੰ!

—ਕਿਹੜੀਆਂ ਗੱਲਾਂ ਕਰਦੀ ਐਂ। ਤੂੰ ਤਾਂ ਮੇਰੀ ਪਿਆਰੀ ਨਿੰਮੋ ਰਾਣੀ ਹੈਂ। ਰੱਬ ਜਾਣਦੈ, ਏਨੇ ਸਾਲ ਹੋ ਗਏ ਵਿਆਹ ਨੂੰ, ਕੀ ਮਜ਼ਾਲ ਤੇਰੇ ਬਿਨਾਂ ਕਿਸੇ ਔਰਤ ਵੱਲ ਅੱਖ ਚੁੱਕ ਕੇ ਵੀ ਵੇਖਿਆ ਹੋਵੇ।— ਅਤੇ ਇਹ ਕਹਿਕੇ ਕਮਲ ਨੇ ਹੱਥ ਵਧਾ ਕੇ ਨਿਰਮਲਾ ਨੂੰ ਆਪਣੇ ਵੱਲ ਖਿਚ ਲਿਆ।

—ਮੰਨ ਵੀ ਜਾਇਆ ਕਰੋ! ਹੁਣੇ ਬਿੱਟੀ ਜਾਗ ਪਵੇਗੀ ਤਾਂ ਰੋ ਰੋ ਕੇ ਸਾਰਾ ਘਰ ਉਸਨੇ ਸਿਰ ਤੇ ਚੁੱਕ ਲੈਣੈਂ!

—ਪਰ ਜਦ ਤਕ ਕਮਲ ਨੇ ਉਸਨੂੰ ਪੂਰੀ ਤਰ੍ਹਾਂ ਆਪਣੇ ਨਾਲ ਲਿਟਾ ਲਿਆ ਸੀ।

—ਰੋਣ ਦੇਹ ਕੰਮਬਖਤ ਨੂੰ,—ਉਸਨੇ ਕਿਹਾ ਤੇ ਆਪਣੀਆਂ ਬਾਹਾਂ ਤੇ ਲੱਤਾਂ ਨਾਲ ਨਿਰਮਲਾ ਦੇ ਸਾਰੇ ਸਰੀਰ ਨੂੰ ਕੱਸ ਕੇ ਜਕੜ ਲਿਆ।

ਨਿਰਮਲਾ ਦੀਆਂ ਪਲਕਾਂ ਹੌਲੀ ਹੌਲੀ ਬੰਦ ਹੋ ਗਈਆਂ। ਉਸਦੇ ਮਨ ਤੇ ਇਕ ਨਸ਼ਾ ਜਿਹਾ ਛਾਈ ਜਾ ਰਿਹਾ ਸੀ ਅਤੇ ਸਰੀਰ ਦੀ ਸਾਰੀ ਪੀੜ, ਸਾਰਾ ਥਕੇਵਾਂ ਜਿਵੇਂ ਉਸ ਨਸ਼ੇ ਵਿਚ ਡੁਬਦਾ ਜਾ ਰਿਹਾ ਸੀ। ਸਿੱਥਲ ਅੰਗਾਂ 'ਚ ਇਕ ਤਣਾਅ ਪੈਦਾ ਹੋ ਗਿਆ ਸੀ ਅਤੇ ਉਸਦੀਆਂ ਬਾਹਾਂ ਕਮਲ ਦੇ ਪਿੱਠ ਦੇ ਚਾਰੇ ਪਾਸੇ ਲਿਪਟ ਗਈਆਂ ਸਨ ਅਤੇ ਲਗਾਤਾਰ ਉਸ ਦੀ ਪਕੜ ਕਸਦੀ ਜਾ ਰਹੀ ਸੀ।


—ਟੁਟਿਆ ਹੋਇਆ ਪਿਆਲਾ, ਜੂਠੇ ਭਾਂਡੇ ਅਤੇ ਮੈਲੇ ਕਪੜਿਆਂ ਦਾ ਢੇਰ, ਅਜੇ ਦੀ ਉਸ਼ੰਡਤਾ, ਕਮਲ ਦੀਆਂ ਗਾਲਾਂ, ਅਫੀਮ ਦੀ ਪੁੜੀ, ਗ੍ਰਹਿਸਥੀ ਦੀਆਂ ਹੋਰ ਅਨੇਕਾਂ ਪ੍ਰੇਸ਼ਾਨੀਆਂ ਅਤੇ ਆਪਣੀ ਢਹਿੰਦੀ ਹੋਈ ਸਿਹਤ ਸਬੰਧੀ ਉਸ ਦੀ ਚਿੰਤਾ—ਸਭ ਨਾ ਜਾਣੇ ਕਿਥੇ ਪਿੱਛੇ ਰਹਿ ਗਈਆਂ ਸਨ ਅਤੇ ਨਿਰਮਲਾ ਨੂੰ ਲੱਗ ਰਿਹਾ ਸੀ ਜਿਵੇਂ ਉਹ ਬੱਦਲਾਂ ਤੇ ਸਵਾਰ ਹੋ ਕੇ ਉੱਚੀ ਉੱਚੀ ਆਕਾਸ਼ ਵਿਚ ਉਡਦੀ ਜਾ ਰਹੀ ਹੈ। ਕੌਣ ਜਾਣੇ ਉਸ ਉਪਜਾਊ ਮਿੱਟੀ 'ਚ ਇਕ ਹੋਰ ਨਵੀਂ ਪਿਉਂਦ ਦਾ ਬੀਜ ਜਨਮ ਪਿਆ ਸੀ।

ਮੂਲ ਲੇਖਕ : ਹਰੀ ਪ੍ਰਕਾਸ਼ ਸ਼ਰਮਾ
ਪੰਜਾਬੀ ਰੂਪ : ਦਰਸ਼ਨ ਗਿੱਲ

AUJLA BROTHERS
PROUDLY PRESENT

A.S. Kang, Parmjit Pummy & Party

ਕੈਨੇਡਾ ਵਿਚ ਇੰਗਲੈਂਡ ਤੇ ਪੰਜਾਬ ਦੇ ਕਲਾਕਾਰਾਂ ਦੁਆਰਾ ਲੋਕ ਗੀਤਾਂ, ਗਜ਼ਲਾਂ, ਡਾਂਸ ਅਤੇ ਹਾਸਿਆਂ ਨਾਲ ਭਰਪੂਰ ਇਕ ਪ੍ਰਵਾਰਕ ਸ਼ਾਨਦਾਰ ਨਾ ਭੁੱਲਣ ਵਾਲੀ ਸ਼ਾਮ ਤੁਹਾਡੇ ਸ਼ਹਿਰ ਵੈਨਕੂਵਰ ਵਿਚ



Permoter : Rana Singh Aujla


ਹਿੱਟ ਗੀਤ

- ਜੱਟੀ ਬੁਲਬੁਲ ਵਰਗੀ
- ਧੀਆਂ ਧਨ ਪਰਾਇਆ
- ਸੋਹਣੀ ਡੁੱਬ ਚੱਲੀ
- ਛੁੱਟੀਆਂ ਵੀਕ ਦੀਆਂ

- ਲੰਬੜਾਂ ਦੀ ਨੂਹ ਨੱਚਦੀ
- ਹੁੰਦੇ ਮਾਪਿਆਂ ਨੂੰ ਪੁੱਤਰ ਪਿਆਰੇ
- ਸਾਰੀ ਉਮਰ ਗਵਾ ਲਈ ਤੂੰ
- ਗਿੱਧਿਆਂ ਦੀਏ ਰਾਣੀਏ








ਸੀਤਲ ਸਿੰਘ
ਤਬਲੇ ਤੇ ਕਮਾਲ ਦਿਖਾਉਣ ਵਾਲਾ

A.S. Kang : ਜਿਹੜਾ ਕਿ ਇੰਗਲੈਂਡ ਤੇ ਪੰਜਾਬ ਦੇ ਲੋਕਾਂ ਦੇ ਦਿਲਾਂ ਵਿਚ ਵਸ ਜਾਣ ਵਾਲੀ ਆਵਾਜ਼ ਵਾਲਾ ਮਸ਼ਹੂਰ ਸਿੰਗਰ ਹੈ। ਜੋ ਕਿ ਪੰਜਾਬੀ ਗੀਤਾਂ ਦਾ ਬਾਦਸ਼ਾਹ ਮੰਨਿਆ ਜਾਂਦਾ ਹੈ। ਇਸ ਦੇ ਗੀਤ ਇੰਗਲੈਂਡ, ਕੈਨੇਡਾ ਅਤੇ ਭਾਰਤ ਦੇ ਹਰ ਘਰ ਵਿਚ ਆਮ ਸੁਣੇ ਜਾਂਦੇ ਹਨ।

Paramjit Pummy : ਜਿਸਦੀ ਦਿਲ ਵਿਚ ਉਭਰ ਜਾਣ ਵਾਲੀ ਆਵਾਜ਼ ਕੈਨੇਡਾ, ਇੰਗਲੈਂਡ ਅਤੇ ਭਾਰਤ ਵਿਚ ਧੁੰਮਾਂ ਪਾ ਰਹੀ ਹੈ। ਜਿਸਦੇ ਗੀਤ ਅੱਜ ਹਰੇਕ ਪਾਰਟੀ ਤੇ ਵੱਜਦੇ ਸੁਣੇ ਜਾਂਦੇ ਹਨ। ਜਿਵੇਂ ਜੱਟੀ ਬੁਲਬੁਲ ਵਰਗੀ, ਛੁੱਟੀਆਂ ਵੀਕ ਦੀਆਂ।



ਸਰਵਣ ਕੁਮਾਰ
ਢੋਲਕ ਮਾਸਟਰ

ਹੁੰਮ ਹੁੰਮਾ ਕੇ ਪੁੱਜੋ
ਸਨਿਚਰਵਾਰ ਮਾਰਚ 3, 1984
ਨਿਊਵੈਸਟਮਿਨਸਟਰ ਸੀਨੀਅਰ ਸੈਕੰਡਰੀ ਸਕੂਲ
(8th & Canada Way)
Show Time - 7.00 P.M.
Door Open - 6.00 P.M.
Ticket : $8, $10

ਹੋਰ ਪੁੱਛ ਗਿੱਛ ਲਈ

(403)-539-7631
Rana ਰਾਣਾ
ਮਾਨ ਵੀਡੀਓ 321-6667



ਸੋਹਣ ਢੋਲਾ
ਹਾਸਿਆਂ ਦਾ ਬਾਦਸ਼ਾਹ

ਟਿਕਟਾਂ ਮਿਲਣ ਦਾ ਪਤਾ :-

ਅਮਰ ਫੂਡਜ਼, ਐਬਟਸਫੋਰਡ - (604)853-6458
ਅੰਬੀਕਾ ਫੂਡਜ਼, ਵਿਕਟੋਰੀਆ ਡਰਾਈਵ - 327- 0295
ਸਮਰਾ ਬਰਦਰਜ਼, ਡੈਲਟਾ - 581-2919
ਮਾਨ ਮਿਊਜ਼ਿਕ ਐਂਡ ਫੋਟੋ ਸਟੂਡੀਓ 321-6667

ਪ੍ਰੋਗਰਾਮ :

25 ਫਰਵਰੀ, 1984 - ਪ੍ਰਿੰਸ ਜੌਰਜ
26 ਫਰਵਰੀ, 1984 - ਵਿਲੀਅਮਜ਼ ਲੇਕ
4 ਮਾਰਚ, 1984 - ਨਨਾਇਮੋ
10 ਮਾਰਚ, 1984 - ਐਡਮਿੰਟਨ, ਅਲਬਰਟਾ
11 ਮਾਰਚ, 1984 - ਕੈਲਗਰੀ, ਅਲਬਰਟਾ